ਅਪਰੈਲ 1989
ਮੁੱਲ– ਦੋ ਰੁਪਏ
95

# ਸ਼ਹੀਦ ਸਾਥੀ ਜੈਮਲ ਸਿੰਘ ਪੱਡਾ ਦੀ ਯਾਦ ਵਿਚ

ਪੰਜਾਬ ਦੀ ਬਦਲਦੀ ਸਥਿਤੀ, ਇਨਕਲਾਬੀ ਜਮਹੂਰੀ ਲਹਿਰ ਲਈ ਰੋਜ਼ ਨਵੀਆਂ ਤੋਂ ਨਵੀਆਂ ਚਣੌਤੀਆਂ ਅੱਗੇ ਲਿਆ ਰਹੀ ਹੈ। ਇਹ ਚਣੌਤੀਆਂ ਸ਼ਿੱਦਤ ਦਾ ਰੂਪ ਧਾਰ ਜਾਂਦੀਆਂ ਹਨ, ਜਦੋਂ ਖਾਲਿਸਤਾਨੀ ਫਾਸ਼ੀ ਗਰੋਹਾਂ ਵਲੋਂ ਸਾਡੇ ਸਿਰਕੱਢ ਆਗੂਆਂ ਦੀ ਹੱਤਿਆ ਕੀਤੀ ਜਾਂਦੀ ਹੈ। ਬਲਦੇਵ ਮਾਨ ਦੇ ਕੱਤਲ ਦੇ ਜ਼ਖਮ ਸਾਡੇ ਦਿਲਾਂ ਵਿਚ ਹਾਲੇ ਅੱਲੇ-ਹੀ ਸਨ, ਜਦੋਂ ਸਾਡੇ ਇਕ ਹੋਰ ਬੜੇ ਹੀ ਸਤਕਾਰ ਅਤੇ ਬਹੁਤ ਹੀ ਸਿਆਣੇ ਆਗੂ ਸਾਥੀ ਜੈਮਲ ਸਿੰਘ ਪੱਡਾ ਦੀ ਹਤਿਆਰਿਆਂ ਨੇ ਇਕ ਬੁਜ਼ਦਲਾਨਾ ਕਾਰਵਾਈ ਵਿਚ 17 ਮਾਰਚ, 1988 ਹੱਤਿਆ ਕਰ ਦਿਤੀ। ਸਾਡੇ ਦਿਲ ਸੋਗ ਨਾਲ ਭਰੇ ਹੋਏ ਹਨ ਪਰ ਅਸੀਂ ਹਤਿਆਰਿਆਂ ਦੀ ਚਣੌਤੀ ਨੂੰ ਸਾਥੀ ਜੈਮਲ ਪੱਡਾ ਦੀ ਲਿਖੀ ਹੋਈ ਇਕ ਗ਼ਜ਼ਲ ਦੇ ਰੂਪ ਵਿਚ ਸਵਿਕਾਰ ਕਰਦੇ ਹਾਂ। ਇਹ ਗ਼ਜ਼ਲ, ਗੀਤ ਦੇ ਰੂਪ ਵਿਚ-ਅਸੀਂ ਆਪਣੇ ਹਰ ਇਨਕਲਾਬੀ ਇਕੱਠ ਵਿਚ ਗਾਂਦੇ ਰਹੇ ਹਾਂ ਤੇ ਗਾਂਦੇ ਰਹਾਂਗੇ। ਇਹ ਸਾਡੇ ਦਿਲਾਂ ਵਿਚ ਸਾਥੀ ਦੀ ਇਨਕਲਾਬੀ ਯਾਦ ਹਮੇਸ਼ਾ ਲਈ ਕਾਇਮ ਰਖੇਗੀ ਤੇ ਸਾਨੂੰ ਪ੍ਰੇਰਨਾ ਦੇਂਦੀ ਰਹੇਗੀ/ਗੁਰਸ਼ਰਨ ਸਿੰਘ

ਸਿੱਦਕ ਸਾਡੇ ਨੇ ਕਦੇ ਮਰਨਾਂ ਨਹੀਂ ਸੱਚ ਦੇ ਸੰਗਰਾਮ ਨੇ ਹਰਨਾਂ ਨਹੀਂ
ਕੱਤਲ ਹੋਣਾ ਨਹੀਂ ਪਵਿੱਤਰ ਸੋਚ ਨੇਕੂੜ ਦਾ ਬੇੜਾ ਕਦੇ ਤਰਨਾ ਨਹੀਂ
ਹੁਸਨ ਦੇ ਪੈਰਾਂ 'ਚ ਭਾਂਵੇ ਬੇੜੀਆਂ ਉਸਦੀ ਪਰ ਮਟਕ ਨੇ ਮਰਨਾਂ ਨਹੀਂ
ਜ਼ੁਲਮ ਦੀ ਚੱਕੀ ਵਿਚ ਪਿਸਦੇ ਕਾਮਿਓਂ ਪਾਪ ਦੀ ਮੁਕਤੀ ਬਿਨਾਂ ਸਰਨਾਂ ਨਹੀਂ
ਮੰਜ਼ਿਲਾਂ ਨੂੰ ਕਦਮ ਵੱਧਦੇ ਰਹਿਣਗੇ ਰਾਜ਼ੀਨਾਵਾਂ ਵਕਤ ਨਾਲ ਕਰਨਾ ਨਹੀਂ
ਪੈਰ ਸੂਲਾਂ ਤੇ ਵੀ ਨੱਚਦੇ ਰਹਿਨਗੇ ਬੁੱਤ ਬਣਕੇ ਪੀੜ ਨੂੰ ਜਰਨਾ ਨਹੀਂ
ਆਉਣ ਵਾਲਾ ਕਲ ਅਸਾਡਾ ਦੋਸਤੋ ਹਿੰਮਤ ਅੱਗੇ ਜਬਰ ਨੇ ਖੜਨਾ ਨਹੀਂ

(ਜੈਮਲ ਸਿੰਘ ਪੱਡਾ ਦੀ ਗੀਤਾਂ ਦੀ ਪੁਸਤਕ 'ਲੋਕ ਪੀੜਾਂ' ਵਿਚੋਂ)

ਸੰਪਾਦਕੀ

## ਕੁਝ ਸਪੱਸ਼ਟ ਬਿਆਨ

ਇਸ ਮਹੀਨੇ ਦੀ ਸੰਪਾਦਕੀ ਵਿਚ ਕੁਝ ਮੁੱਦੇ ਸਪੱਸ਼ਟ ਬਿਆਨਾਂ ਦੇ ਰੂਪ ਵਿਚ ਪਾਠਕਾਂ ਅੱਗੇ ਰਖੇ ਜਾ ਰਹੇ ਹਨ ਤਾਂ ਜੋ ਇਹ ਜਨਸੰਮੂਹ ਵਿਚ ਵਿਚਾਰ ਵਟਾਦਰੇ ਲਈ ਲਿਜਾਏ ਜਾ ਸਕਨ।

o ਪੰਜਾਬ ਵਿਚ ਜੋ ਹਿੰਦੂਆਂ ਅਤੇ ਸਿੱਖਾਂ ਦੀ ਵੱਡੀ ਗਿਣਤੀ ਵਿਚ ਕਤਲ ਹੋ ਰਹੇ ਹਨ, ਜਿੱਥੇ ਖਾਲਿਸਤਾਨੀ ਕਾਤਲਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਜਾਏ ਅਤੇ ਉਹਨਾਂ ਨੂੰ ਲ੍ਹਾਨਤ ਭੇਜੀ ਜਾਏ ਉਥੇ ਇਹਨਾਂ ਕਤਲਾਂ ਦੀ ਸਿੱਧੀ ਜ਼ਿਮੇਵਾਰੀ ਕੇਂਦਰ ਦੀਆਂ ਦੀਵਾਲੀਆ ਨੀਤੀਆਂ ਉਤੇ ਸੁੱਟੀ ਜਾਏ। ਅਤੇ ਉਨ੍ਹਾਂ ਨੂੰ ਨੰਗਾ ਕੀਤਾ ਜਾਏ।

o ਖਾਲਿਸਤਾਨੀ ਜੇਕਰ ਰਾਏਸ਼ੁਮਾਰੀ ਕਰਵਾਉਣਾ ਚਾਹੁੰਦੇ ਹਨ-ਤਾਂ ਪੰਜਾਬ ਦੇ ਸੰਮੂਹ ਲੋਕ ਇਹ ਚੈਲਿੰਜ ਕਬੂਲ ਕਰਨ। ਇਸ ਬਾਰੇ ਖਾਲਿਸਤਾਨੀ ਧਿਰ ਨੂੰ ਪੇਸ਼ਕਸ਼ ਕੀਤੀ ਜਾਏ ਕਿ ਪੰਜਾਬ ਵਿਚ ਇਸ ਬਾਰੇ ਰਾਏਸ਼ੁਮਾਰੀ ਕਰਵਾਈ ਜਾਏ, ਪਰ ਸ਼ਰਤ ਇਹ ਹੈ ਕਿ ਇਸ ਰਾਏਸ਼ੁਮਾਰੀ ਵਿਚ ਸਿਰਫ ਸਿਖ ਨਹੀਂ, ਸਗੋਂ ਪੰਜਾਬ ਦਾ ਹਰ ਵਾਸੀ ਹਿੱਸਾ ਲਏਗਾ ਅਤੇ ਉਨ੍ਹਾਂ ਵਲੋਂ ਇਹ ਗੱਲ ਸਵੀਕਾਰ ਕੀਤੀ ਜਾਏ ਕਿ ਪੰਜਾਬ ਸਿਰਫ ਸਿਖ ਫਿਰਕੇ ਦੀ ਇਜਾਰੇਦਾਰੀ ਨਹੀਂ। ਰਾਏਸ਼ੁਮਾਰੀ ਦਸ

ਦੇਵੇਗੀ ਕਿ ਖਾਲਿਸਤਾਨੀ ਕਿੰਨੇ ਕੁ ਪਾਣੀ ਵਿਚ ਹਨ।

o ਖਾਲਿਸਤਾਨੀ ਮੱਸਲੇ ਬਾਕੀ ਬਾਕੀ ਭਾਰਤ ਵਿਚ ਰਹਿ ਰਹੇ ਸਿਖਾਂ ਦੀ ਰਾਏ ਵੀ ਪੁਛੀ ਜਾਏ, ਕਿਉਂਕਿ ਇਸ ਮੱਸਲੇ ਨਾਲ ਉਹਨਾਂ ਦਾ ਭਵਿਖ ਵੀ ਜੁੜਿਆ ਹੋਇਆ ਹੈ।

o ਰਾਜੀਵ ਪੰਜਾਬ ਮਸਲੇ ਬਾਰੇ ਸ਼ਤਰੰਜੀ ਚਾਲਾਂ ਚਲ ਰਿਹਾ ਹੈ। ਪੰਜਾਬ ਦੇ ਲੋਕਾਂ ਦੇ ਦੁੱਖ ਨਾਲ ਉਹਦਾ ਕੋਈ ਸਰੋਕਾਰ ਨਹੀਂ। ਇਸ ਬਾਰੇ ਪੰਜਾਬ ਰਹਿ ਰਹੇ ਹਿੰਦੂ ਵੀਰਾਂ ਨੂੰ ਬੜੀ ਸਪੱਸ਼ਟ ਆਵਾਜ਼ ਉੱਚੀ ਕਰਨੀ ਚਾਹੀਦੀ ਹੈ। ਇਹ ਭਾਰਤ ਭਰ ਵਿਚ ਰਾਜੀਵ ਵਿਰੁੱਧ ਉਠ ਰਹੀ ਜਮਹੂਰੀ ਆਵਾਜ਼ ਦੀ ਸਹਾਈ ਹੋਵੇਗੀ।

o ਸਿਵ ਸੈਨਾ ਦੇ ਬਾਲ ਠੈਕਰੇ ਦੇ ਬਿਆਨ ਦਾ ਪੂਰੀ ਤਰ੍ਹਾਂ ਨੋਟਿਸ ਲਿਆ ਜਾਵੇ। ਭਾਰਤ ਭਰ ਵਿਚ ਧਾਰਮਕ ਕੱਟੜ ਪੰਥੀਏ ਭਾਵੇਂ ਉਹ ਹਿੰਦੂ ਹਨ, ਮੁਸਲਮਾਨ ਹਨ, ਸਿੱਖ ਹਨ ਇਸਾਈ ਹਨ (ਹੁਣ ਇਹਨਾਂ ਵਿਚ ਦਲਿਤ ਵੀ ਸ਼ਾਮਲ ਹੋ ਗਏ ਹਨ) ਵਖਰੀਆਂ ਵਖਰੀਆਂ ਥਾਵਾਂ ਤੇ ਸਿਰ ਚੁੱਕ ਰਹੇ ਹਨ। ਉਹਨਾਂ ਦੀਆਂ ਸਰਗਰਮੀਆਂ ਇਕ ਦੂਜੇ ਨੂੰ ਸ਼ਹਿ ਦੇ ਰਹੀਆਂ ਹਨ। ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜ ਦੇਣ ਵਿਚ ਉਹ ਪੂਰੀ ਤਰ੍ਹਾਂ ਯਤਨਸ਼ੀਲ ਹਨ। ਭਾਰਤ ਦੀ ਸਟੇਟ ਵੀ ਉਹਨਾਂ ਨੂੰ ਸਿੱਧੇ ਤੇ ਅਸਿੱਧੇ ਤਰੀਕੇ ਨਾਲ ਸਹਾਇਤਾ ਕਰ ਰਹੀ ਹੈ। ਰਾਜਸੀ ਮਾਮਲਿਆਂ ਵਿਚ ਮੁਨੀਆਂ, ਮੁਲਾਣਿਆਂ, ਗਰੰਥੀਆਂ, ਜਗਤ ਗੁਰੂਆਂ ਦੀ ਸਹਾਇਤਾ ਲੈ ਕੇ ਇਕ ਤਰਕਹੀਣ ਸਮਾਜ ਦੀਆਂ ਨੀਹਾਂ ਰੱਖੀਆਂ ਜਾ ਰਹੀਆਂ ਹਨ। ਜਮਹੂਰੀ ਆਵਾਜ਼ ਨੂੰ ਇਸ ਅਮਲ ਦੀ ਪੂਰੀ ਤਰ੍ਹਾਂ ਵਿਰੋਧਤਾ ਕਰਨੀ ਚਾਹੀਦੀ ਹੈ।

o ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ, ਪੁਰਾਤਨ ਕਦਰਾਂ ਕੀਮਤਾਂ ਦੀ ਸਟੇਟ ਦੀ ਮਦਦ ਨਾਲ ਬੜੀ ਡੌਂਡੀ ਪਿੱਟੀ ਜਾ ਰਹੀ ਹੈ। ਆਪਣੇ 'ਵਿਰਸੇ ਨੂੰ ਪਛਾਣੋ', 'ਆਪਣੇ ਵਿਰਸੇ ਤੇ ਮਾਨ ਕਰੋ' ਦਾ ਰਟਨ ਯੂਨੀਵਰਸਟੀਆਂ ਤੋਂ ਲੈ ਕੇ ਹਰ ਸਰਕਾਰੀ ਅਦਾਰੇ ਵਿਚ ਰਟਿਆ ਜਾ ਰਿਹਾ ਹੈ। ਮਨੁੱਖ ਦੀ ਸਾਇੰਸ ਨੇ ਜੋ ਕੁਝ ਪ੍ਰਾਪਤ ਕੀਤਾ ਹੈ, ਉਹ ਸਿਰਫ ਬਾਜ਼ਾਰੂ ਵਿੱਧੀਆਂ ਤਕ ਸੀਮਤ ਰਹੇ, ਉਹਦਾ ਇਕ ਤਰਕਸ਼ੀਲ ਸਭਿਆਚਾਰ ਬਨਾਉਣ ਵਿਚ ਕੋਈ ਹਿੱਸਾ ਨਾ ਹਵੇ, ਇਹ ਲੋਟੂ ਜਮਾਤਾਂ ਦੇ ਹਿੱਤ ਵਿਚ ਹੈ। ਸਟੇਟ ਇਸ ਸਾਜ਼ਸ਼ ਵਿਚ ਪੂਰੀ ਤਰ੍ਹਾਂ ਸ਼ਾਮਲ ਹੈ। ਪੰਜਾਬ ਵਿਚ ਧਾਰਮਕ ਸੁਰਜੀਤਵਾਦ ਨੂੰ ਵੀ ਇਸੇ ਰੋਸ਼ਨੀ ਵਿਚ ਵੇਖਿਆ ਜਾਣਾ ਚਾਹੀਦਾ ਹੈ। ਭਾਰਤ ਵਿਚ ਨਵੇਂ ਮੰਦਰਾਂ ਦੀ ਅਤੇ ਪੰਜਾਬ ਭਰ ਵਿਚ ਨਵੇਂ ਗੁਰਦੁਆਰਿਆਂ ਦੀ ਉਸਾਰੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਇਹਦਾ ਗੰਭੀਰ ਨੋਟਿਸ ਲੈਣਾ ਜ਼ਰੂਰੀ ਹੈ।

o ਇਕ ਇਨਕਲਾਬ ਵਿਰੋਧੀ (Counter Revolutionary) ਫਲਸਫਾ ਲੋਕਾਂ ਉਤੇ ਹਥਿਆਰਾਂ ਦੀ (ਜਿਹੜੀ ਕਿ ਬਹੁਤ ਬਦੇਸ਼ਾਂ ਵਿਚੋਂ ਆ ਰਹੇ ਹਨ) ਮਦਦ ਨਾਲ ਠੋਸਿਆ ਜਾ ਰਿਹਾ ਹੈ। ਇਸਦਾ ਮੁਕਾਬਲਾ ਵੀ ਬਦੇਸ਼ੀ ਹਥਿਆਰਾਂ ਨਾਲ ਹੀ ਕੀਤਾ ਜਾ ਸਕਦਾ ਹੈ। ਕਮਿਊਨਿਸਟ ਵਰਤਾਰੇ ਵਿਚ ਅੰਤਰਰਾਸ਼ਟਰਵਾਦ ਇਕ ਮੰਨਿਆ ਹੋਇਆ ਅੰਗ ਹੈ। ਸੰਸਾਰ ਕਮਿਊਨਿਸਟ ਲਹਿਰ ਨੂੰ ਭਾਰਤ ਵਿਚ ਉਠ ਰਹੇ Counter Revolution ਦੇ ਵਰਤਾਰੇ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਵਰਤਾਰੇ ਵਿਰੁਧ ਹਰ ਮੁਮਕਿਨ ਤਰੀਕੇ ਨਾਲ ਅਸਰਦਾਇਕ ਕਰਵਾਈ ਕਰਨੀ ਚਾਹੀਦੀ ਹੈ। ਸੰਸਾਰ ਕਮਿਊਨਿਸਟ ਲਹਿਰ ਵਲੋਂ ਭਾਰਤੀ ਕਮਿਊਨਿਸਟਾਂ ਨੂੰ ਹਥਿਆਰਾਂ ਦੀ ਸਪਲਾਈ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾਣਾ ਚਾਹੀਦਾ। ਦਗਮੱਜੇ ਮਾਰੇ ਬਗੈਰ ਜਾਂ ਭੜਕਾਊ ਬਿਆਨ ਦਿਤੇ ਬਿਨਾਂ, ਠੋਸ ਹਕੀਕਤਾਂ ਦਾ ਸਾਹਮਣਾ ਕਰਦੇ ਹੋਏ ਸੰਜੀਦਗੀ ਨਾਲ Counter Revolution ਦਾ ਮੁਕਾਬਲਾ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ।

o ਸਮੇਂ ਦੀਆਂ ਚਣੌਤੀਆਂ ਦਾ ਮੁਕਾਬਲਾ ਕਰਨ ਲਈ ਜਿਥੇ ਆਪਸੀ ਏਕਤਾ ਦੀ ਲੋੜ ਹੈ, ਉੱਥੇ ਹੋਰਨਾ ਜਮਹੂਰੀ ਸ਼ਕਤੀਆਂ ਪ੍ਰਤੀ ਸੌੜੀ ਸੋਚ ਅਪਣਾਏ ਬਿਨਾਂ ਵੱਧ ਤੋਂ ਵੱਧ ਸਾਂਝੇ ਐਕਸ਼ਨ ਉਲੀਕੇ ਜਾਣੇ ਚਾਹੀਦੇ ਹਨ। ਰਾਜੀਵ ਹਟਾਓ ਦਾ ਨਾਅਰਾ ਹਰ ਲਿਹਾਜ਼ ਨਾਲ ਜਮਹੂਰੀ ਕਦਰਾਂ ਕੀਮਤਾਂ ਨੂੰ ਬਚਾਉਣ ਦਾ ਨਾਅਰਾ ਹੈ ਤੇ ਇਸ ਮੁਹਿਮ ਵਿਚ ਪੂਰੇ ਜ਼ੋਰ ਨਾਲ ਸ਼ਾਮਲ ਹੋਣਾ ਚਾਹੀਦਾ ਹੈ।

o ਪੰਜਾਬ ਮਸਲੇ ਦੇ ਜਮਹੂਰੀ ਹੱਲ ਲਈ ਸਾਰੀਆਂ ਧਿਰਾਂ ਦੀਆਂ ਸ਼ਮੂਲੀਅਤ ਵਾਲੀ ਗੋਲ ਮੇਜ਼ ਕਾਨਫਰੰਸ ਜਮਹੂਰੀ ਲਹਿਰ ਲਈ ਸਹਾਇਕ ਹੋਵੇਗੀ। ਇਹ ਸਮੇਂ ਦੀ ਲੋੜ ਹੈ ਅਤੇ ਲੋਕਾਂ ਵਿਚ ਵਿਸ਼ਵਾਸ਼ ਵਧਾਂਦੀ ਹੈ।

**ਗੁਰਸ਼ਰਨ ਸਿੰਘ**

ਪਿਆਰੇ ਭਾ ਜੀ, ਸਮਤਾ ਦੇ ਮਾਰਚ ਅੰਕ ਵਿਚ ਡਾਕਟਰ ਰੋਸ਼ਨ ਲਾਲ ਆਹੂਜਾ ਦੀ ਚਿੱਠੀ "ਪੰਜਾਬੀ ਬਾਰੇ ਗਲਤ ਫ਼ਹਿਮੀ ਜਾਂ ਭੁਲੇਖੇ" ਪੜ੍ਹੀ। ਜਿਸ ਭਾਵਨਾ ਤਹਿਤ ਤੁਸਾਂ ਇਹ ਚਿੱਠੀ ਛਾਪੀ ਹੈ ਉਸ ਦੀ ਕਦਰ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਪਰ ਮੈਨੂੰ ਲੱਗਦਾ ਹੈ ਕਿ ਤੁਹਾਡਾ ਜੋ ਮਕਸਦ ਸੀ ਉਹ ਇਸ ਚਿੱਠੀ ਨਾਲ ਪੂਰਾ ਨਹੀਂ ਹੋਇਆ। ਨਾਂ ਤਾਂ ਡਾਕਟਰ ਆਹੂਜਾ ਸਮੱਸਿਆ ਨੂੰ ਹੀ ਠੀਕ ਸੰਦਰਭ 'ਚ ਪੇਸ਼ ਕਰ ਸਕੇ ਹਨ ਅਤੇ ਨਾ ਹੀ ਉਹਨਾਂ ਆਪਦੇ ਮੱਤ ਦੀ ਪੁਸ਼ਟੀ ਲਈ ਕੋਈ ਜਚਵੀਂ ਦਲੀਲ ਪੇਸ਼ ਹੀ ਦਿਤੀ ਹੈ ਅਸਲ ਗੱਲ ਤਾਂ ਇਹ ਹੈ ਕਿ ਡਾਕਟਰ ਸਾਹਿਬ ਨੇ ਸਮੱਸਿਆ ਉਪਰ ਹੀ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਤੁਹਾਡੀ ਭਾਵਨਾ ਅਤੇ ਤੁਹਾਡੇ ਮਕਸਦ ਨੂੰ ਸਮਝਦਾ ਹੋਇਆ ਮੈਂ ਇਸੇ ਹੀ ਵਿਸ਼ੇ 'ਤੇ ਡਾਕਟਰ ਵਿਸ਼ਵਾ ਨਾਥ ਤਿਵਾੜੀ ਦੀ ਇਕ ਲਿਖਤ ਭੇਜ ਰਿਹਾ ਹਾਂ। ਸਵਰਗਵਾਸੀ ਡਾਕਟਰ ਤਿਵਾੜੀ ਨੇ ਇਹ ਲਿਖਤ ਅੱਜ ਤੋਂ ਪੂਰੇ 30 ਸਾਲ ਪਹਿਲਾਂ ਸੰਨ 1958 ਵਿਚ ਤਿਆਰ ਕੀਤੀ ਸੀ ਅਤੇ ਪੰਜਾਬੀ ਸਾਹਿਤ ਅਕੈਡਮੀ ਵਲੋਂ ਚੰਡੀਗੜ੍ਹ ਵਿਖੇ ਕਰਵਾਈ ਗਈ ਸਰਬ ਹਿੰਦ ਪੰਜਾਬੀ ਕਾਨਫਰੰਸ 'ਚ ਪੜ੍ਹੀ ਸੀ ਜੇ ਪੰਜਾਬੀ ਲੋਕਾਂ ਨੇ ਡਾਕਟਰ ਤਿਵਾੜੀ ਦੇ ਇਸ ਲਿਖਤ ਅੰਦਰਲੇ ਵਿਚਾਰਾਂ ਨੂੰ ਅਪਣਾਇਆ ਹੁੰਦਾ ਤਾਂ ਸ਼ਾਇਦ ਪੰਜਾਬ ਨੂੰ ਮੌਜੂਦਾ ਸੰਤਾਪ ਨਾ ਹੰਢਾਉਣਾ ਪੈਂਦਾ। ਜਿਥੇ ਇਹ ਲਿਖਤ ਸਿੱਖ ਭਾਈਚਾਰੇ ਅੰਦਰਲੇ ਸੌੜੀ ਬਿਰਤੀ ਵਾਲੇ ਤੱਤਾਂ ਦੀ ਖੂਬ ਸਾਰ ਲੈਂਦੀ ਹੈ ਉਥੇ ਇਹ ਹਿੰਦੂ ਫਿਰਕਾਪ੍ਰਸਤਾਂ ਭੰਡਦੀ ਹੋਈ ਆਮ ਪੰਜਾਬੀ ਹਿੰਦੂਆਂ ਨੂੰ ਦਰੁਸਤ ਰਸਤਾ ਵੀ ਦਿਖਾਉਂਦੀ ਹੈ। ਸੋ ਉਮੀਦ ਹੈ ਕਿ ਤੁਸੀਂ ਇਸਨੂੰ ਸਮਤਾ ਦੇ ਅਪਰੈਲ ਅੰਕ ਵ੍ਹਿਚ ਛਾਪ ਕੇ ਧੰਨਵਾਦੀ ਬਣਾਓਗੇ। ਡਾਕਟਰ ਤਿਵਾੜੀ ਨੇ ਲਿਖਤ ਦਾ ਸਿਰਲੇਖ "ਪੰਜਾਬੀ ਦੇ ਹਿੰਦੂ ਨਿਰਮਾਤਾ" ਰੱਖਿਆ ਸੀ ਤੁਸੀਂ ਚਾਹੋ ਤਾਂ ਉਹੀ ਸਿਰਲੇਖ ਰੱਖ ਸਕਦੇ ਹੋ ਜੋ ਡਾਕਟਰ ਆਹੂਜਾ ਦੀ ਚਿੱਠੀ ਦਾ ਸੀ ਭਵ "ਪੰਜਾਬੀ ਬਾਰੇ ਗਲਤ-ਫਹਿਮੀ ਜਾਂ ਭੁਲੇਖੇ।"/ਕੁਲਬੀਰ ਸਿੰਘ -

---

ਪਾਠਕ ਲੇਖਕ ਫੋਰਮ

# ਪੰਜਾਬੀ ਬਾਰੇ ਗਲਤ ਫਹਿਮੀ ਜਾਂ ਭੁਲੇਖੇ

**ਡਾ: ਵਿਸ਼ਵਾ ਨਾਥ ਤਿਵਾੜੀ**

ਬੋਲੀ ਕਿਸੇ ਥਾਂ ਦੀ ਉਪਜ ਹੁੰਦੀ ਹੈ। ਭੂਗੋਲ ਜਾਂ ਇਤਿਹਾਸ ਏਸ ਨੂੰ ਬਣਾਉਂਦਾ ਹੈ। ਕਿਸੇ ਥਾਂ ਦਾ ਕੀ ਧਰਮ ਹੈ—ਇਹ ਬੋਲੀ ਨੂੰ ਬਹੁਤ ਘੱਟ ਨਿਸਚਤ ਕਰਦਾ ਹੈ। ਮਿਸਰ ਤੇ ਲੈਬਨੋਨ ਵਿਚ ਰਹਿਣ ਵਾਲੇ ਈਸਾਈਆਂ ਦੀ ਬੋਲੀ ਅਰਬੀ ਹੈ, ਈਸਾ ਦੀ ਮਾਦਰੀ ਬੋਲੀ ਨਹੀਂ। ਪੰਜਾਬੀ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਦੀ ਬੋਲੀ ਹੈ, ਪਰ ਮੇਰੇ ਪੰਜਾਬ ਦੀ ਬਦਕਿਸਮਤੀ ਹੈ ਕਿ ਅੱਜ ਦੇ ਅਗਾਂਹ ਵਧੂ ਵਿਗਿਆਨਕ ਤੇ ਸਭਿਆਚਾਰਕ ਕਹਾਉਂਦੇ ਸਮਾਜ ਵਿਚ ਪੰਜਾਬੀ ਬੋਲੀ ਤੇ ਏਸ ਦੀ ਲਿੱਪੀ ਗੁਰਮੁਖੀ ਨੂੰ ਉਹ ਸਨਮਾਨ ਨਹੀਂ ਪਰਾਪਤ ਹੋ ਰਿਹਾ ਜਿਹੜਾ ਕਿ ਇਸ ਦਾ ਹੱਕ ਹੈ। ਪੰਜਾਬੀ ਇਕ ਸਾਂਝੀ ਬੋਲੀ ਹੈ, ਕਿਸੇ ਇਕ ਧਰਮ ਜਾਂ ਫਿਰਕੇ ਨਾਲ ਇਸ ਦਾ ਸੰਬੰਧ ਜੋੜਨਾ ਠੀਕ ਨਹੀਂ। ਪੰਜਾਬੀ ਸਾਹਿਤ ਨੂੰ ਪੰਜਾਬ ਵਾਸੀਆਂ, (ਹਿੰਦੂ ਮੁਸਲਮਾਨਾਂ, ਸਿੱਖਾਂ) ਨੇ ਆਰੰਭ ਤੋਂ ਹੀ ਅਪਨਾ, ਦੂਜੀਆਂ ਬੋਲੀਆਂ ਦੇ ਮੁਕਾਬਲੇ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਬੋਲੀ ਤੇ ਸਾਹਿਤ ਦੇ ਖੇਤਰ ਵਿਚ ਇਹ ਵਿਚਾਰ ਕਰਨਾ ਭਾਵੇਂ ਬਹੁਤ ਜ਼ਿਆਦਾ ਸ਼ੋਭਾ ਨਹੀਂ ਦੇਂਦਾ ਕਿ ਕਿਸੇ ਬੋਲੀ ਵਿਚ ਕਿਸੇ ਧਰਮ ਦੇ ਲੋਕਾਂ ਦੀ ਕਿੰਨੀ ਕੁ ਦੇਣ ਹੈ, ਪਰ ਅੱਜ ਇਹ ਜ਼ਰੂਰਤ ਮਹਿਸੂਸ ਹੋ ਰਹੀ ਹੈ ਕਿ ਆਪਣੇ ਹਿੰਦੂ ਵੀਰਾਂ ਨੂੰ ਸਮਝਾਇਆ ਜਾਵੇ ਤੇ ਦਸਿਆ ਜਾਵੇ ਕਿ ਜਿਸ ਬੋਲੀ ਨੂੰ ਉਨ੍ਹਾਂ ਆਪ ਪਾਲ-ਪੋਸ ਕੇ ਜਵਾਨ ਕੀਤਾ ਹੈ, ਅੱਜ ਉਸ ਦੀ ਵਿਰੋਧਤਾ ਕਰਨੀ ਠੀਕ ਨਹੀਂ। ਅਸੀਂ ਕਈ ਸੌ ਸਾਲ ਵਿਦੇਸ਼ੀ ਬੋਲੀਆਂ, (ਅੰਗਰੇਜ਼ੀ, ਫ਼ਾਰਸੀ,) ਲਾਜ਼ਮੀ ਤੌਰ ਤੇ ਅਤੇ ਬਿਨਾਂ ਕਿਸੇ ਹਿਚਕਚਾਹਟ ਦੇ ਪੜ੍ਹ ਸਕਦੇ ਹਾਂ, ਪਰ ਆਪਣੀ ਮਾਦਰੀ ਬੋਲੀ (ਪੰਜਾਬੀ) ਨੂੰ ਚਲੀ ਆ ਰਹੀ ਲਿੱਪੀ (ਗੁਰਮੁਖੀ) ਵਿਚ ਨਹੀਂ ਪੜ੍ਹ ਸਕਦੇ। ਪੰਜਾਬ ਵਾਸੀਆਂ ਦੀ ਏਸ ਰੁਚੀ ਤੇ ਜਿੰਨਾ ਵੀ ਅਫਸੋਸ ਕੀਤਾ ਜਾਵੇ, ਥੋੜ੍ਹਾ ਹੈ।

ਲੋਕ ਗੀਤਾਂ, ਬੋਲੀਆਂ, ਅਖਾਣਾਂ, ਮੁਹਾਵਰਿਆਂ ਵਿਚੋਂ ਪਤਾ ਨਹੀਂ, ਕਿੰਨੇ ਮੇਰੇ ਹਿੰਦੂ ਵੀਰਾਂ ਨੇ ਰਚੇ ਹੋਣਗੇ। ਲੋਕ-ਗੀਤ ਲੋਕ-ਦਿਲਾਂ ਵਿਚੋਂ ਪੈਦਾ ਹੋਏ ਅਮਰ ਨਗਮੇ ਹੁੰਦੇ ਹਨ। ਲੋਕ ਦਿਲ ਕਦੇ ਵੀ ਧੜਕਣੋਂ ਨਹੀਂ ਰੁਕਦਾ ਤੇ ਇਹ ਧੜਕਣ ਹੀ ਲੋਕ-ਗੀਤਾਂ ਨੂੰ ਜਨਮ ਦਿਆ ਕਰਦੀ ਹੈ। ਰਾਮ, ਕ੍ਰਿਸ਼ਨ, ਰਾਧਾ, ਹਿੰਦੂ ਰਸਮਾਂ ਦਾ ਲੋਕ-ਗੀਤਾਂ ਵਿਚ ਜ਼ਿਕਰ, ਏਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਹਿੰਦੂਆਂ ਨੇ ਵੀ ਆਪਣੀਆਂ ਸਧਰਾਂ, ਚਾਆਂ, ਰੀਝਾਂ ਤੇ ਹਉਕਿਆਂ ਦਾ ਪ੍ਰਗਟਾਵਾ ਮੁੱਢਲਾਂ ਪਹਿਲ ਲੋਕ-ਗੀਤਾਂ ਰਾਹੀਂ ਹੀ ਕੀਤਾ ਹੋਵੇਗਾ।

ਇਨ੍ਹਾਂ ਗੀਤਾਂ ਨੂੰ ਸਾਂਭਣ, ਘੋਖਣ ਤੇ ਸਾਹਿਤਕ ਰੂਪ ਦੇਣ ਦਾ ਮਹਾਨ ਕੰਮ ਵੀ ਦੋ ਹਿੰਦੂ ਵਿਦਵਾਨਾਂ ਸ੍ਰੀ ਰਾਮ ਸਰਨ ਦਾਸ ਤੇ ਸ੍ਰੀ ਦੇਵਿੰਦਰ ਸਤਿਆਰਥੀ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਹੀ ਸਿੱਟਾ ਹੈ।

ਅੱਠਵੀ, ਨੌਵੀਂ ਤੇ ਦਸਵੀਂ ਸਦੀ ਵਿਚ ਜਦ ਪੰਜਾਬੀ ਅਪਭ੍ਰੰਸ਼ ਰੂਪ ਵਿਚੋਂ ਬਦਲ ਕੇ ਪਹਿਲਾਂ ਪਹਿਲ ਨਵੀਨ ਭਾਰਤੀ ਬੋਲੀ ਦੇ ਰੂਪ ਵਿਚ ਢਲਣ ਲੱਗੀ, ਉਸ ਪੰਜਾਬੀ ਬੋਲੀ ਦੇ ਜਨਮ-ਕਾਲ ਵਿਚ ਹੋਏ ਸਾਰੇ ਕਵੀ ਹਿੰਦੂ ਹੀ ਸਨ। ਮੁਸਲਮਾਨ ਅਜੇ ਪੰਜਾਬ ਵਿਚ ਦਾਖਲ ਨਹੀਂ ਹੋਏ ਸਨ ਤੇ ਸਿੱਖ ਗੁਰੂਆਂ ਦੇ ਸਮੇਂ ਵਿਚ ਕਾਫੀ ਵਕਫਾ ਪਿਆ ਸੀ। ਗੋਰਖ, ਚਰਪਟ, ਚੌਰੰਗੀ ਨਾਥ, ਮਛੰਦਰ ਨਾਥ, ਰਤਨ ਨਾਥ ਤੇ ਪੂਰਨ ਨਾਥ ਦੀਆਂ ਰਚਨਾਵਾਂ ਵਿਚ ਪੰਜਾਬੀ ਅੰਸ਼ ਝਲਕਾਰੇ ਮਾਰਦਾ ਹੈ। ਪੰਜਾਬੀ ਕਵਿਤਾ ਵਿਚ ਦੁਨਿਆਵੀ ਅੰਸ਼ ਲਿਆਉਣ ਵਾਲਾ, ਸਾਹਿਤ ਨੂੰ ਲੋਕਾਂ ਦੇ ਨੇੜੇ ਲੈ ਜਾਣ ਵਾਲਾ, ਤੇ ਕਿੱਸਾਕਾਰੀ ਦੀ ਪਰੰਪਰਾ ਦਾ ਮੋਢੀ ਵੀ ਹਿੰਦੂ ਕਵੀ ਦਮੋਦਰ ਹੀ ਸੀ, ਜਿਸ ਨੇ ਸਭ ਤੋਂ ਪਹਿਲਾਂ ਲੋਕ ਕਹਾਣੀ 'ਹੀਰ-ਰਾਂਝਾ' ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਇਆ:—

"ਉਲਟੀ ਹੀਰ ਹੀਰੇ ਵਿਚ ਰਾਂਝਾ
ਹਾਲ ਨਾ ਜਾਣੇ ਕੋਈ
ਰਾਂਝਾ ਰਾਂਝਾ ਮੈਂ ਕੈਨੂੰ ਆਖਾਂ,
ਆਪੇ ਰਾਂਝਾ ਹੋਈ।
ਰਾਂਝਾ ਹੀਰ ਤੇ ਹੀਰ ਰੰਝੇਟੀ
ਰਤੀ ਫ਼ਰਕ ਨਾ ਹੋਈ,
ਆਖ ਦਮੋਦਰ ਭਾਇ ਇਸ਼ਕ ਦੀ
ਦੂਈ ਜਾਲ ਵਿਖੋਈ।" —ਦਮੋਦਰ

ਦਮੋਦਰ ਦੀ ਚਲਾਈ ਹੋਈ ਕਿੱਸਾ-ਕਾਰੀ ਦੀ ਪਰੰਪਰਾ ਜਿੰਨੀ ਲੋਕਾਂ ਵਿਚ ਤੇ ਕਵੀਆਂ ਵਿਚ ਹਰਮਨ ਪਿਆਰੀ ਹੋਈ ਹੈ, ਸ਼ਾਇਦ ਹੀ ਹੁਣ ਤੀਕ ਕੋਈ ਹੋਰ ਸਾਹਿ-ਤਕ ਪਰੰਪਰਾ ਹੋਈ ਹੋਵੇ: ਵਲੀ ਰਾਮ, ਭਗਤ ਛੱਜੂ, ਭਗਤ ਕਾਨ੍ਹਾ, ਦੌਲਤ ਰਾਮ, ਕਾਲੀ ਦਾਸ, ਮਟਕ ਅਗਰ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਦੇ ਖਜ਼ਾਨੇ ਨੂੰ ਭਰਪੂਰ ਕੀਤਾ।

ਆਧੁਨਿਕ ਪੰਜਾਬੀ ਸਾਹਿਤ ਦੇ ਪਰਸੰਗ ਵਿਚ ਜਿਹੜੀ ਸੇਵਾ ਹਿੰਦੂਆਂ ਨੇ ਕੀਤੀ ਹੈ, ਭਾਵੇਂ ਉਨ੍ਹਾਂ ਦੀ ਸੇਵਾ ਨੂੰ ਪੰਜਾਬ ਵਾਲੇ ਭੁੱਲ ਗਏ ਹਨ, ਪਰ ਸਾਹਿਤ ਦੇ ਪੜਚੋਲੀਏ ਤੇ ਪਾਠਕ ਉਨ੍ਹਾਂ ਦੀ ਅਦੁੱਤੀ ਤੇ ਮਹਾਨ ਸੇਵਾ ਨੂੰ ਨਹੀਂ ਭੁੱਲ ਸਕਦੇ। ਸ੍ਰੀ ਬਿਸ਼ਨ ਦਾਸ ਪੁਰੀ, ਸ੍ਰੀ ਬਿਹਾਰੀ ਲਾਲ ਪੁਰੀ, ਸ੍ਰੀ ਸ਼ਰਧਾ ਰਾਮ ਫਿਲੌਰੀ ਤੇ ਕਰਨਲ ਭੋਲਾ ਨਾਥ ਪੰਜਾਬੀ ਜਗਤ ਦੇ ਉਹ ਚਮਕਦੇ ਮੋਤੀ ਹਨ ਜਿਨ੍ਹਾਂ ਨੇ ਪਹਿਲਾਂ ਪਹਿਲ ਪੰਜਾਬੀ ਵਿਚ ਵਿਆਕਰਣ ਅਤੇ ਕੋਸ਼ਕਾਰੀ ਵੱਲ ਧਿਆਨ ਦਿਤਾ। ਪੰਜਾਬੀ ਦੀਆਂ ਕੋਰਸ-ਪੁਸਤਕਾਂ ਬਣਾਈਆਂ ਤੇ ਪੰਜਾਬੀ ਵਾਰਤਕ ਨੂੰ ਧਰਮ ਸੰਬੰਧੀ ਵਿਸ਼ਿਆਂ ਤੋਂ ਇਲਾਵਾ ਹੋਰ ਵੀ ਵਿਸ਼ੇ ਦਿਤੇ ਤੇ ਵਾਰਤਕ ਦੇ ਰੂਪ ਨੂੰ ਨਿਖਾਰਿਆ।

"ਹੁਣ ਪੰਜ ਸੱਤ ਗੱਭਰੂ ਮਿਲ ਕੇ ਛਪਾਰ ਦੇ ਮੇਲੇ ਨੂੰ ਤਿਆਰ ਹੋਏ। ਕਿਸੇ ਨੇ ਡੱਬਾ ਖੇਸ ਅਰ ਕਿਸੇ ਤੇਲੇ ਸੂਤ ਦੇ ਡੋਰੇ ਵਾਲੀ ਚੁਤੇਹੀ ਕੱਢ ਕੇ ਉਪਰ ਲਈ। ਭਾਵੇਂ ਮਹੀਨਾ ਤਾਂ ਭਾਦੋਂ ਦਾ ਅਤ ਤੌਂਦੀ ਪੈਂਦੀ ਸੀ, ਪਰ ਕਿਸੇ ਲਾਲ ਲੋਈ ਕਢ ਕੇ ਹੀ ਉਪਰ ਲਈ। ਕਿਸੇ ਐਹਾ ਸਾਂਗ ਬਣਾਇਆ ਕਿ ਤੇੜ ਤਾਂ ਹਰੇ ਗੁਲਬਦਨ ਦੀ ਸੁੱਥਣ ਅਰ ਗਲ ਵਿਚ ਖਾਸੇ ਦਾ ਕੁੜਤਾ ਅਰ ਉਪਰ ਮਾਸੜ ਤੇ ਮੰਗ ਕੇ ਬੰਦਰੀ ਛੀਂਟ ਦਾ ਰੂੰ ਭਰਿਆ ਕਾਂਦਰਾ ਫਰਗਲ ਚੋਗੇ ਦੇ ਥਾਂ ਲੈ ਲਿਆ। ਭਾਵੇਂ ਦਿਨ ਤਾਂ ਰੋਹੀ ਦੇ ਸੇ, ਪਰ ਮੇਲੇ ਦੇ ਚਾਉ ਅਰ ਢਡ ਸਾਰੰਗੀ ਦੀ ਆਵਾਜ਼ ਨੇ ਗਰਮੀ ਤੌਂਦੀ ਮੂੰਹ ਨ ਸੁੱਝਣ ਦਿਤੀ।

—ਸ਼ਰਧਾ ਰਾਮ ਫਿਲੌਰੀ

ਨਵੀਨ ਪੰਜਾਬੀ ਸਾਹਿਤ ਦੇ ਹਰ ਖੇਤਰ ਵਿਚ ਹੀ ਹਿੰਦੂ ਸਾਹਿਤਕਾਰਾਂ ਨੇ ਕਮਾਲ ਦਾ ਕੰਮ ਕੀਤਾ ਹੈ। ਲਾਲਾ ਧਨੀ ਰਾਮ ਚਾਤ੍ਰਿਕ, ਪੰਜਾਬੀ ਬੋਲੀ ਨੂੰ ਸਹੀ ਅਰਥਾਂ ਵਿਚ ਪੰਜਾਬੀਅਤ ਬਖਸ਼ਣ ਵਾਲਾ ਕਵੀ ਹੈ।

"ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
... ... ... ...
... ... ... ...
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

—ਚਾਤ੍ਰਿਕ

ਲਾਲਾ ਜੀ ਦਾ ਪੰਜਾਬੀ ਬੋਲੀ ਨਾਲ ਪਿਆਰ ਕਿਸੇ ਤੋਂ ਭੁੱਲਿਆ ਹੋਇਆ ਨਹੀਂ, ਪਰ ਪਿਆਰ ਹੋਰ ਵੀ ਮਹੱਤਵਪੂਰਨ ਸਮਝਿਆ ਜਾਣਾ ਚਾਹੀਦਾ ਹੈ ਜਦ ਅਸੀਂ ਉਸ ਸਮੇਂ ਤੇ ਨਜ਼ਰ ਮਾਰਦੇ ਹਾਂ ਜਦੋਂ ਅੰਗਰੇਜ਼ 'ਪਾੜੋ ਤੇ ਰਾਜ ਕਰੋ' ਨੀਤੀ ਦੇ ਅਸਰ ਹੇਠ ਹਿੰਦੂਆਂ ਨੂੰ ਹਿੰਦੀ ਲਈ ਪ੍ਰੇਰ ਰਿਹਾ ਸੀ, ਮੁਸਲਮਾਨਾਂ ਨੂੰ ਉਰਦੂ ਲਈ ਉਕਸਾ ਰਿਹਾ ਸੀ। ਜਦ ਪੰਜਾਬੀ ਕੇਵਲ ਸਿੱਖਾਂ ਦੀ ਹੀ ਬੋਲੀ ਸਮਝੀ ਜਾਂਦੀ ਸੀ, ਉਸ ਵੇਲੇ ਲਾਲਾ ਜੀ ਨੇ ਇਸ ਨੂੰ ਆਪਣੀ ਮਾਂ ਸਮਾਨ ਸਮਝ ਕੇ ਸ਼ਰਧਾ ਤੇ ਭਗਤੀ ਨਾਲ ਸੇਵਾ ਕੀਤੀ:

ਇਹੋ ਜਿੰਦ ਜਾਨ ਸਾਡੀ
ਮੋਤੀਆਂ ਦੀ ਖਾਨ ਸਾਡੀ

ਹੱਥੋਂ ਨਹੀਂ ਗੰਵਾਉਣੀ,
ਬੋਲੀ ਹੈ ਪੰਜਾਬੀ ਸਾਡੀ ।" —ਚਾਤ੍ਰਿਕ

ਚਾਤ੍ਰਿਕ ਜੀ ਦੀਆਂ 'ਚੰਦਨ ਵਾੜੀ' 'ਕੇਸਰ ਕਿਆਰੀ' 'ਨਵਾਂ ਜਹਾਨ' ਤੇ 'ਸੂਫੀ ਖਾਨਾ' ਪ੍ਰਸਿਧ ਪੁਸਤਕਾਂ ਹਨ । ਲਾਲਾ ਕਿਰਪਾ ਸਾਗਰ ਕਰਤਾ ਲਕਸ਼ਮੀ ਦੇਵੀ, ਬਾਵਾ ਬਲਵੰਤ ਕਰਤਾ, 'ਮਹਾਂਨਾਚ 'ਅਮਰ ਗੀਤ' ਪੰਡਤ ਕਿਦਾਰ ਨਾਥ ਤਿਵਾੜੀ ਕਰਤਾ 'ਕਿਣਮਿਣ ਕਣੀਆਂ' ਤੇ ਹੋਰ ਕਈ ਕਵੀਆਂ ਨੇ ਆਪਣੀਆਂ ਰਚ-ਨਾਵਾਂ ਰਾਹੀਂ ਪੰਜਾਬੀ ਸਾਹਿਤ ਨੂੰ ਸ਼ਿੰਗਾਰਿਆ । ਦੇਸ਼ ਦੀ ਆਜ਼ਾਦੀ ਪਿਛੋਂ ਜਦ ਹਿੰਦੂ ਪੰਜਾਬੀ ਦੀ ਥਾਂ ਹਿੰਦੀ ਆਪਣੀ ਮਾਦਰੀ ਬੋਲੀ ਲਿਖਵਾ ਰਹੇ ਸਨ ਤਾਂ ਤਿਵਾੜੀ ਨੇ ਪੰਜਾਬ ਵਾਸੀਆਂ ਨੂੰ ਵੰਗਾਰਿਆ :

ਸਾਡੀ ਮਾਂ, ਪੰਜਾਬੀ ਬੋਲੀ,
ਸਿਧੀ ਸਾਦੀ, ਆਲੀ ਭੋਲੀ,
ਮਿੱਠੀ ਜਿਉਂ ਦੁੱਧ ਮਿਸਰੀ ਘੋਲੀ,
ਸਾਨੂੰ ਚੰਗੀ ਮੰਦੀ ਚੰਗੀ
ਮਾਂ ਨੂੰ ਮਾਂ ਕਹਿਣੋਂ ਨਾ ਸੰਗੀਂ ।" —ਤਿਵਾੜੀ

ਸਟੇਜੀ ਕਵੀਆਂ ਨੇ ਜਿਨ੍ਹਾਂ ਪੰਜਾਬੀ ਕਵਿਤਾ ਨੂੰ ਲੋਕਾਂ ਤੀਕ ਪੁਚਾਇਆ ਹੈ ਉਨ੍ਹਾਂ ਸ਼ਾਇਦ ਹੀ ਕਿਸੇ ਹੋਰ ਨੇ ਲੋਕਾਂ ਤੀਕ ਪੰਜਾਬੀ ਬੋਲੀ ਨੂੰ ਪੁਚਾਇਆ ਹੋਵੇ । ਜਿਨ੍ਹਾਂ ਪੰਜਾਬੀ ਕਵੀਆਂ ਵਿਚੋਂ ਸਵਰਗਵਾਸੀ ਸੁੰਦਰ ਦਾਸ ਆਸੀ, ਬਰਕਤ ਰਾਮ ਯੁਮਨ, ਨੰਦ ਲਾਲ ਨੂਰਪੁਰੀ, ਕਿਰਪਾ ਰਾਮ ਨਾਜ਼ਿਮ, ਜਸਵੰਤ ਰਾਏ, ਦਿਆਲ ਚੰਦ ਮਿਗਲਾਨੀ, ਸ਼ਿਵਕੁਮਾਰ ਬਟਾਲਵੀ, ਵਿਸ਼ਵਾ ਨਾਥ, ਤਿਵਾੜੀ, ਪਰਕਾਸ਼ ਸ਼ਿਮਲਵੀ, ਵੇਦ ਪ੍ਰਕਾਸ਼ ਸ਼ਰਮਾ, ਕਰਿਸ਼ਨ ਅਸ਼ਾਂਤ, ਪੰਜਾਬੀ ਦੇ ਕਾਮਯਾਬ ਸਟੇਜੀ ਕਵੀ ਮੰਨੇ ਜਾਂਦੇ ਹਨ ।

ਨਾਵਲ ਤੇ ਕਹਾਣੀ ਦੇ ਖੇਤਰ ਵਿਚ ਭਾਵੇਂ ਹਿੰਦੂ ਸਾਹਿਤਕਾਰਾਂ ਨੇ ਬਹੁਤ ਜ਼ਿਆਦਾ ਕੰਮ ਨਹੀਂ ਕੀਤਾ, ਪਰ ਫੇਰ ਵੀ ਪ੍ਰੋ: ਆਈ. ਸੀ. ਨੰਦਾ ਦਾ 'ਤੇਜ ਕੌਰ' ਤੇ 'ਮੁਰਾਦ' ਬਲਵੰਤ ਗਾਰਗੀ ਦਾ 'ਕੱਕਾ ਰੇਤਾ', ਹਰਨਾਮ ਦਾਸ ਸਹਿਰਾਈ ਦਾ 'ਲੋਹਗੜ੍ਹ' 'ਅੱਧੀ ਰਾਤ' ਪ੍ਰਿਥਵੀ ਨਾਥ ਸ਼ਰਮਾ ਦਾ 'ਸਮੇਂ ਦਾ ਸੁਨੇਹਾ' ਪੰਜਾਬੀ ਨਾਵਲ ਸਾਹਿਤ ਵਿਚ ਆਪਣੀ ਥਾਂ ਰਖਦੇ ਹਨ । ਸ੍ਰੀ ਦੇਵਿੰਦਰ ਸਤਿਆਰਥੀ ਨੇ ਜਿਥੇ ਲੋਕ ਗੀਤਾਂ ਨੂੰ ਇਕੱਠਾ ਕੀਤਾ, ਕਵਿਤਾ ਰਚੀ ਉਥੇ ਮੌਲਿਕ ਕਹਾਣੀਆਂ ਰਾਹੀਂ ਵੀ ਪੰਜਾਬੀ ਸਾਹਿਤ-ਕਹਾਣੀ ਦੇ ਭੰਡਾਰੇ ਨੂੰ ਵਧਾਇਆ । 'ਕੁੰਗ ਪੋਸ਼' 'ਦੇਵਤਾ ਡਿਗ ਪਿਆ' 'ਸੋਨਾ ਗਾਚੀ' ਸਤਿ-ਆਰਥੀ ਦੇ ਸਫਲ ਕਹਾਣੀ ਸੰਗ੍ਰਹਿ ਹਨ ।

'ਏਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਵੀਰ ਸਿੰਘ ਨੇ ਘਟਨਾ ਪਰਧਾਨ ਨਾਟਕ ਲਿਖਿਆ, ਪਰ ਸਟੇਜੀ ਨਾਟਕ ਦਾ ਪਿਤਾ ਪ੍ਰੋ: ਆਈ. ਸੀ. ਨੰਦਾ ਹੀ ਹੈ ਜਿਸਨੇ ਪੰਜਾਬੀ ਨੂੰ 'ਸੁਭੱਦਰਾ', 'ਵਰ ਘਰ' 'ਝਲਕਾਰੇ' 'ਲਿਸ਼ਕਾਰੇ' ਸਫ਼ਲ ਨਾਟਕ ਸੰਗ੍ਰਹਿ ਦਿਤੇ ਹਨ । ਨਾਟਕਾਂ ਵਿਚ ਅੰਤਰ-ਪ੍ਰਾਂਤੀ, ਅੰਤਰ-ਦੇਸ਼ੀ, ਤੇ ਮਾਨਵੀ ਸਮੱਸਿਆਵਾਂ ਲਿਆਉਣ ਵਾਲਾ ਬਲਵੰਤ ਗਾਰਗੀ ਇਕ ਹੋਰ ਹਰਮਨ ਪਿਆਰਾ ਨਾਟਕਕਾਰ ਹੈ ਜਿਸਨੇ ਦੂਜੇ ਦੇਸ਼ਾਂ ਵਿਚ ਪੰਜਾਬੀ ਨਾਟਕਾਂ ਨੂੰ ਸਟੇਜ ਕੀਤਾ । 'ਲੋਹਾ ਕੁੱਟ', 'ਸੈਲ ਪੱਥਰ, 'ਕੇਸਰੋ' 'ਨਵਾਂ ਮੁੱਢ' ਦੋ ਪਾਸੇ, 'ਬੇਬੇ' 'ਪੱਤਣ ਦੀ ਬੇੜੀ' 'ਸੱਤ ਚੋਣਵੇਂ ਇਕਾਂਗੀ' 'ਸੋਹਣੀ ਮਹੀਂਵਾਲ' ਗਾਰਗੀ ਦੀ ਪੰਜਾਬੀ ਨਾਟਕ ਸਾਹਿਤ ਨੂੰ ਅਮਰ ਦੇਣ ਹੈ । ਡਾ: ਰੌਸ਼ਨ ਲਾਲ ਆਹੂਜਾ ਨੇ ਵੀ ਆਪਣੀਆਂ ਕ੍ਰਿਤਾਂ ਰਾਹੀਂ 'ਪਰੀ-ਵਰਤਣ', 'ਸੰਜੋਗ', 'ਤਲਾਕ', 'ਵਿਕਾਸ' 'ਮੇਰੇ ਨੌਂ ਇਕਾਂਗੀ' ਤੇ 'ਗਾਂਧੀ' ਪੰਜਾਬੀ ਨਾਟਕ ਸਾਹਿਤ ਨੂੰ ਅਮੀਰ ਕੀਤਾ ਹੈ ।

ਸਾਹਿਤ ਆਲੋਚਨਾ ਤੇ ਭਾਸ਼ਾ ਵਿਗਿਆਨ ਦੇ ਪਿੜ ਵਿਚ ਡਾ: ਰੌਸ਼ਨ ਲਾਲ ਆਹੂਜਾ ਪ੍ਰੋ: ਵਿਦਿਆ ਭਾਸਕਰ, ਅਰੁਣ, ਪ੍ਰੋ: ਸੀਤਾ ਰਾਮ ਬਾਹਰੀ ਤੇ ਸੀਤਾ ਰਾਮ ਕੋਹਲੀ ਨੇ ਚੰਗਾ ਤੇ ਸ਼ਲਾਘਾ ਯੋਗ ਕੰਮ ਕੀਤਾ ਹੈ ।

ਹੁਣ ਪੰਜਾਬੀ ਦੀ ਲਿੱਪੀ ਦਾ ਪ੍ਰਸ਼ਨ ਵੀ ਪਰਖਣ-ਯੋਗ ਹੈ । ਮੈਂ ਸ੍ਰੀ ਜੀ. ਬੀ. ਸਿੰਘ ਅਤੇ ਦੂਸਰੇ ਵਿਦਵਾਨਾਂ ਦੇ ਇਸ ਸਿੱਟੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਗੁਰਮੁਖੀ ਲਿੱਪੀ ਗੁਰੂ-ਕਾਲ ਤੋਂ ਪਹਿਲਾਂ ਪੰਜਾਬ ਵਿਚ ਪ੍ਰਚਲਤ ਸੀ ਅਤੇ ਇਸ ਲਿੱਪੀ ਦਾ ਬ੍ਰਾਹਮੀ ਨਾਲ ਦੂਰ ਦਾ ਸੰਬੰਧ ਹੈ । ਏਸ ਇਤਿਹਾਸਕ ਹਕੀਕਤ ਨੂੰ ਮੁਖ ਰੱਖਦੇ ਹੋਏ ਸਿੱਧ ਹੋ ਜਾਂਦਾ ਹੈ ਕਿ ਗੁਰਮੁਖੀ ਲਿੱਪੀ ਦੇ ਜਨਮ ਦਾਤੇ ਪੰਜਾਬ ਦੇ ਉਹ ਪੁਰਾਣੇ ਵਸਨੀਕ ਹੀ ਸਨ ਜਿਹੜੇ ਗੁਰੂ ਨਾਨਕ ਤੋਂ ਪਹਿਲਾਂ ਹੋਏ । ਇਹ ਲੋਕ ਹਿੰਦੂਆਂ ਤੋਂ ਛੁਟ ਹੋਰ ਕੌਣ ਹੋ ਸਕਦੇ ਹਨ । ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਗੁਰਮੁਖੀ ਲਿੱਪੀ ਪੰਜਾਬ ਦੇ ਹਿੰਦੂਆਂ ਦੀ ਸਦੀਆਂ ਪੁਰਾਣੀ ਲਿੱਪੀ ਹੈ ਤੇ ਇਸ ਤਰ੍ਹਾਂ ਇਸ ਨੂੰ ਇਕ ਧਾਰਮਕ ਲਿੱਪੀ ਮੰਨਣਾ ਤੇ ਏਸੇ ਆਧਾਰ ਤੇ ਇਸ ਦੀ ਵਿਰੋਧਤਾ ਕਰਨੀ ਸਰਾਸਰ ਅਗਿਆਨਤਾ ਹੈ । ਪੰਜਾਬੀ ਲਈ ਦੇਵਨਾਗਰੀ ਲਿੱਪੀ ਦੀ ਖੁਲ੍ਹ ਦੇਣੀ ਨਾ ਕੇਵਲ ਇਸ ਬੋਲੀ ਦੀ ਸ਼ੁੱਧਤਾ ਤੇ ਠੇਠਤਾ ਨੂੰ ਹੀ ਭੰਗ ਕਰੇਗੀ ਸਗੋਂ ਗੁਰਮੁਖੀ ਲਿਪੀ ਵਿਚ ਰਚੇ ਹੁਣ ਤੱਕ ਦੇ ਸਾਰੇ ਪੰਜਾਬੀ ਸਾਹਿਤ ਦਾ ਉਹੋ ਹਾਲ ਕਰੇਗੀ ਜਿਹੜਾ ਕਿ ਅੱਜ ਦੇ ਪੰਜਾਬ ਵਿਚ ਉਰਦੂ ਅੱਖਰਾਂ ਵਿਚ ਛਪੇ ਪੰਜਾਬੀ ਸਾਹਿਤ ਦਾ ਹੈ । ਇਨ੍ਹਾਂ ਠੋਸ ਇਤਿਹਾਸਕ ਤੇ ਸਾਹਿਤਕ ਹਵਾਲਿਆਂ ਪਿਛੋਂ ਵੀ ਜੇ ਕੋਈ ਇਸ ਗੱਲ ਤੇ ਜ਼ਿਦ ਕਰੇ ਕਿ ਗੁਰਮੁਖੀ ਕਿਸੇ ਇਕ ਧਰਮ ਦੀ ਲਿੱਪੀ ਹੈ, ਅਤੇ ਉਹ ਹਿੰਦੂਆਂ

ਦੀ ਲਿੱਪੀ ਨਹੀਂ ਤਾਂ ਇਸ ਨੂੰ ਅਸੀਂ 'ਮੈਂ ਨਾ ਮਾਨੂੰ' ਵਾਲੀ ਜ਼ਿਦ ਹੀ ਕਹਾਂਗੇ, ਜਿਸ ਦਾ ਹੱਲ ਮੇਰੇ ਪਾਸ ਕੀ, ਲੁਕਮਾਨ ਪਾਸੋਂ ਵੀ ਨਹੀਂ ਮਿਲ ਸਕੇਗਾ।

ਅੰਤ ਵਿਚ ਮੈਂ ਇਕ ਹੋਰ ਜ਼ਰੂਰੀ ਸਮੱਸਿਆ ਦਾ ਵਰਣਨ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਆਰੰਭਕ ਜਮਾਤਾਂ ਵਿਚ ਸਿੱਖਿਆ ਦਾ ਮਾਧਿਅਮ ਕੀ ਹੋਵੇ ? ਇਹ ਗੱਲ ਵੀ ਬਹੁਤ ਜ਼ਿਆਦਾ ਵਿਵਾਦ ਦਾ ਕਾਰਨ ਨਹੀਂ ਹੋਣੀ ਚਾਹੀਦੀ ਕਿਉਂਕਿ ਸਪੱਸ਼ਟ ਹੈ ਕਿ ਜਿਸ ਤਰ੍ਹਾਂ ਕਿਸੇ ਗੈਰ ਪੰਜਾਬੀ ਬੋਲੰਦੇ ਲੋਕਾਂ ਲਈ ਇਹ ਮੁਸ਼ਕਲ ਹੋਵੇਗੀ, ਕਿ ਉਹ ਪੰਜਾਬੀ ਤੇ ਗੁਰਮੁਖੀ ਅੱਖਰਾਂ ਵਿਚ ਸਿਖਿਆ ਪਰਾਪਤ ਕਰਨ, ਠੀਕ ਉਸੇ ਤਰ੍ਹਾਂ ਪੰਜਾਬੀ ਬੋਲਦੀ ਵਸੋਂ ਦੇ, ਬਚਿਆਂ ਲਈ ਕਿਸੇ ਗ਼ੈਰ-ਮਾਦਰੀ ਬੋਲੀ ਰਾਹੀਂ ਸਿਖਿਆ ਪਰਾਪਤ ਕਰਨੀ ਕਠਨ ਹੋਵੇਗੀ। ਇਹ ਸਵਾਲ ਨਿਰੋਲ ਵਿਦਿਅਕ ਹੈ ਤੇ ਇਸ ਦੇ ਹੱਲ ਲਈ ਅਵਿਗਿਆਨਕ ਤੇ ਤੰਗ-ਦਿੱਲੀ ਦਾ ਖਿਆਲ ਹਾਨੀ-ਕਾਰਕ ਹੋ ਸਕਦਾ ਹੈ। ਹਰਿਆਣੇ ਦੇ ਬੱਚਿਆਂ ਲਈ ਜਿਸ ਤਰ੍ਹਾਂ ਪੰਜਾਬੀ ਤੇ ਗੁਰਮੁਖੀ ਲਿੱਪੀ ਰਾਹੀਂ ਸਿੱਖਿਆ ਮਾਧਿਅਮ ਅਯੋਗ ਤੇ ਅਵਿਗਿਆਨਕ ਹੈ, ਠੀਕ ਏਸੇ ਤਰ੍ਹਾਂ ਪੰਜਾਬੀ ਬੋਲਦੇ ਸਭ ਬੱਚਿਆਂ ਲਈ ਚਾਹੇ ਉਹ ਕਿਸੇ ਵੀ ਧਰਮ ਦੇ ਹੋਣ, ਆਪਣੀ ਬੋਲੀ ਤੋਂ ਛੁਟ ਕਿਸੇ ਵੀ ਹੋਰ ਬੋਲੀ ਰਾਹੀਂ ਸਿੱਖਿਆ ਪਰਾਪਤ ਕਰਨੀ ਯੋਗ ਨਹੀਂ।

ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਹਿੰਦੂ ਸਾਹਿਤਕਾਰਾਂ ਦੀ ਪੰਜਾਬੀ ਨੂੰ ਅਮਰ ਦੇਣ ਹੈ। ਜਿਥੇ ਪੰਜਾਬੀ ਸਾਹਿਤ ਵਿਚ ਹਿੰਦੂ-ਧਰਮ, ਪੁਰਾਣਿਕ ਗੱਲਾਂ, ਰੀਤੀ ਰਿਵਾਜ਼, ਮਿਥਿਹਾਸ ਤੇ ਇਤਿਹਾਸ ਨਾਲ ਸੰਬੰਧਤ ਕਹਾਣੀਆਂ ਪੂਰਵਜਾਂ ਦੇ ਹਵਾਲੇ, ਇਨ੍ਹਾਂ ਹਿੰਦੂ ਸਾਹਿਤਕਾਰਾਂ ਨੇ ਲਿਆ ਪੰਜਾਬੀ ਬੋਲੀ ਦੇ ਘੇਰੇ ਨੂੰ ਫੈਲਾਇਆ ਹੈ, ਉਥੇ ਇਨ੍ਹਾਂ ਸਾਹਿਤਕਾਰਾਂ ਨੇ ਸਹੀ ਅਰਥਾਂ ਵਿਚ ਪੰਜਾਬੀ ਨੂੰ ਪੰਜਾਬੀਅਤ ਦੀ ਰੰਗਣ ਦਿਤੀ ਹੈ। ਲੋਕਾਂ ਵਿਚ ਸਾਂਝੀ ਕੌਮੀਅਤ ਦਾ ਅਹਿਸਾਸ ਪੈਦਾ ਕੀਤਾ ਹੈ। ਇਨ੍ਹਾਂ ਦੀ ਪੰਜਾਬੀ ਨੂੰ ਸਭ ਤੋਂ ਮਹਾਨ ਦੇਣ ਜ਼ਬਾਨਦਾਨੀ ਦੀ ਹੈ ਜਿੰਨੀ ਟਕਸਾਲੀ, ਮੁਹਾਵਰੇਦਾਰ ਤੇ ਸੁੰਦਰ ਬੋਲੀ ਧਨੀ ਰਾਮ ਚਾਤ੍ਰਿਕ, ਪ੍ਰੋ: ਆਈ. ਸੀ. ਨੰਦਾ, ਬਲਵੰਤ ਗਾਰਗੀ ਆਦਿ ਨੇ ਲਿਖੀ ਹੈ ਸ਼ਾਇਦ ਹੀ ਕਿਸੇ ਹੋਰ ਨੇ ਪੰਜਾਬੀ ਲਿਖੀ ਹੋਵੇ।

ਉਪਰਲੀ ਵਿਚਾਰ ਤੋਂ ਕੁਝ ਗੱਲਾਂ ਅਜਿਹੀਆਂ ਸਿੱਧ ਹੁੰਦੀਆਂ ਹਨ ਜਿਨ੍ਹਾਂ ਵਲ ਹੁਣ ਤਕ ਬਹੁਤ ਘੱਟ ਧਿਆਨ ਦਿਤਾ ਗਿਆ ਹੈ ਅਤੇ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਨਾ ਜਾਣਨ ਦੇ ਕਾਰਨ ਕਈ ਬੁਨਿਆਦੀ ਭੁਲੇਖੇ ਪੈਂਦੇ ਰਹੇ ਹਨ, ਤੇ ਇਸ ਵੇਲੇ ਪੈ ਰਹੇ ਹਨ। ਮਿਸਾਲ ਵਜੋਂ, ਗੁਰਮੁਖੀ ਲਿੱਪੀ ਦੀ ਹਿੰਦੂਆਂ ਵਲੋਂ ਰਚਨਾ, ਪੰਜਾਬੀ ਬੋਲੀ ਦੇ ਜਨਮ-ਕਾਲ ਵੇਲੇ ਸਾਰੇ ਕਵੀਆਂ ਦਾ ਹਿੰਦੂ ਹੋਣਾ, ਕਿੱਸਾ-ਕਾਵਿ ਦੀ ਪ੍ਰਥਾ ਨੂੰ ਜਨਮ ਦੇਣ ਵਾਲੇ ਕਵੀ ਦਾ ਹਿੰਦੂ ਹੋਣਾ, ਵਿਆਕਰਣ ਤੇ ਕੋਸ਼ਕਾਰੀ ਦਾ ਪੰਜਾਬੀਆਂ ਵਿਚੋਂ ਮੁੱਢ ਬੰਨ੍ਹਣ ਵਾਲਿਆਂ ਦਾ ਵੀ ਇਸੇ ਧਰਮ ਨਾਲ ਸਬੰਧਤ ਹੋਣਾ, ਪੰਜਾਬੀ ਨਾਟਕ ਤੇ ਸਟੇਜ ਦੇ ਜਨਮ ਦਾਤਾ ਦਾ ਹਿੰਦੂ ਹੋਣਾ, ਇਹ ਕੁਝ ਕੁ ਅਜਿਹੇ ਗੌਰਵਤਾ ਭਰੇ ਇਤਿਹਾਸਕ ਸੱਚ ਹਨ, ਜਿਨ੍ਹਾਂ ਨੂੰ ਦ੍ਰਿਸ਼ਟੀਗੋਚਰ ਰਖਦੇ ਹੋਏ ਪੰਜਾਬ ਦਾ ਕੋਈ ਵੀ ਹਿੰਦੂ ਇਸ ਅਮੋਲਕ ਵਿਰਸੇ ਬਾਰੇ ਮਾਣ ਅਨੁਭਵ ਕੀਤੇ ਬਿਨਾਂ ਨਹੀਂ ਰਹਿ ਸਕਦਾ। ਮੇਰੀ ਪ੍ਰਾਰਥਨਾ ਹੈ ਕਿ ਇਸ ਕੌਮੀ ਵਿਰਸੇ ਨੂੰ ਮੁੜ ਕੇ ਅਪਣਾਈਏ ਅਤੇ ਪੰਜਾਬੀ ਦੇ ਭਵਿੱਖਤ ਨੂੰ ਉੱਜਲ ਕਰਨ ਲਈ ਹੋਰਨਾਂ ਨਾਲੋਂ ਅਗੇ ਹੋ ਕੇ ਕੰਮ ਕਰੀਏ।

o

---

ਨਜ਼ਮ

## ਵਿਸਾਖੀ

ਬਲਬੀਰ ਪਰਵਾਨਾ

ਉਂਜ ਇਹ ਵੀ ਇਕ ਦਿਨ ਹੀ ਹੈ।
ਆਮ ਦਿਨਾਂ ਵਰਗਾ
ਪਰ ਜਿਨਾਂ ਦਿਲਾਂ 'ਚ
ਧੜਕਦੀ ਲਾਲਸਾ ਹੋਵੇ ਜੀਉਣ ਦੀ
ਇਕ ਜੁਅੱਰਤ ਦਾ ਨਾਂ ਹੈ
ਇਕ ਪਰਤੀਕ
ਜਾਂ ਫੈਸਲੇ ਦੀ ਘੜੀ ਵੀ
ਸਿਰਫ ਧੜਕੰਦੇ ਹੋਏ ਪਲ ਹੀ ਉਲੀਕਦੇ ਹਨ
ਦਿਸਹੱਦਿਆਂ 'ਤੇ ਪੈੜਾਂ
ਹਰ ਝੱਖੜ ਦਾ ਅਖੀਰ ਅੰਤ ਹੁੰਦਾ
ਤੇ ਹਰ ਜਬਰ ਦੀ ਇਕ ਸਮਾਂ-ਸੀਮਾ
ਪਰ ਉਹ ਜਿਹੜੇ ਮਾਨਵਤਾ ਦੀ ਖਾਤਰ ਲੜੇ
ਉਹਨਾਂ ਦੀ ਉਮਰ ਵਰਿਆਂ 'ਚ ਨਹੀਂ ਗਿਣੀ ਜਾਂਦੀ
ਗੋਬਿੰਦ ਦੀ ਸਭ ਤੋਂ ਵੱਧ ਬੇਇੱਜ਼ਤੀ ਉਹ ਹੀ ਕਰਦੇ ਹਨ
ਜਿਹੜੇ ਉਹਦੇ ਸੋਹਲੇ ਤਾਂ ਗਾਉਂਦੇ
ਪਰ ਜਬਰ ਦੇ ਖਿਲਾਫ ਲੜਨ ਵੇਲੇ
ਜਬਰ ਸਾਹਵੇਂ ਸਿਰ ਝੁਕਾ ਲੈਂਦੇ
ਹਾਂ, ਵਾਰਾਂ ਗੌਣੀਆਂ ਹੋਰ ਗਲ ਹੁੰਦੀ ਹੈ
ਤੇ ਉਹਨਾਂ ਦੇ ਰਾਹ ਤੁਰਨਾ
ਬਿਲਕੁਲ ਹੀ ਹੋਰ ਗਲ
ਵਿਸਾਖੀ : ਇਕ ਲੜਾਈ ਦਾ ਨਾਂ ਹੈ
ਕਿਸੇ ਦੇਸ਼ ਦੀ
ਕਿਸੇ ਦੇਸ਼ ਦੇ ਖਿਲਾਫ਼ ਲੜਾਈ ਨਹੀਂ
ਨਾ ਕਿਸੇ ਮਜ਼ਬ ਦੀ ਕਿਸੇ ਦੂਸਰੇ ਮਜ਼ਬ ਦੇ ਖਿਲਾਫ਼
ਪਰ......
ਜਿਹੜੇ ਵੀ ਜ਼ਿੰਦਗੀ ਤੋਂ ਬਾਂਝ ਹੋ ਗਏ
ਤੇ ਜ਼ਿੰਦਗੀ ਇਕ ਬੋਝ ਵਾਂਗ ਢੋ ਰਹੇ
ਉਹਨਾਂ ਦੀ ਸ਼ਾਨਦਾਰ ਭਵਿੱਖ ਲਈ ਲੜਾਈ

o

# "ਕਾਂਗਰਸ ਰਾਜ ਵਿਚ ਔਰਤਾਂ ਤੇ ਜ਼ੁਲਮ ਦਾ ਇਕ ਹੋਰ ਸ਼ਰਮਨਾਕ ਕਾਂਡ"
# ਪੜਰੀਆ (ਬਿਹਾਰ) ਵਿਚ ਪੁਲਸ ਦਾ ਦਰਿੰਦਗੀ ਭਰਿਆ ਕਾਰਾ

—ਸੁਖਦਰਸ਼ਨ ਨੱਤ

10 ਮਾਰਚ ਤੋਂ 15 ਮਾਰਚ ਮੈਨੂੰ ਆਪਣੇ ਕੁਝ ਨਾਟਕਾਂ ਦੇ ਸਿਲਸਿਲੇ ਵਿਚ ਬਿਹਾਰ ਜਾਣਾ ਪਿਆ। ਬਿਹਾਰ ਦੀਆਂ ਅਖਬਾਰਾਂ ਵਿਚ ਪੁਲਸ ਦੀ ਇਸ ਦਰਿੰਦਗੀ ਵਾਲੇ ਕਾਰਨਾਮੇ ਦੀ ਬੜੀ ਚਰਚਾ ਸੀ। ਮੌਜੂਦਾ ਨਿਜ਼ਾਮ ਵਿਚ ਇਹ ਕਾਨੂੰਨ ਦੇ ਰਖਵਾਲੇ ਕਿਸ ਹੱਦ ਤੱਕ ਥੱਲੇ ਡਿਗ ਸਕਦੇ ਹਨ ਇਹ ਕਾਰਨਾਮਾ ਇਹਦੀ ਜ਼ਿੰਦਾ ਮਿਸਾਲ ਹੈ। ਇਸ ਕਾਂਡ ਨੇ ਲੋਕਾਂ ਦੇ ਰੋਹ ਦੀ ਵੀ ਇਕ ਮਿਸਾਲ ਪੈਦਾ ਕੀਤੀ ਹੈ। ਬਿਹਾਰ ਦੇ ਸਾਰੇ ਲੋਕਾਂ ਨੇ ਮਿਲਕੇ ਇਕ ਸ਼ਕਤੀਸ਼ਾਲੀ ਲਹਿਰ ਉਸਾਰੀ ਹੈ ਅਤੇ ਇਸ ਕਾਂਡ ਦੇ ਦੋਸ਼ੀ ਪੁਲਸੀਆਂ ਨੂੰ ਪਹਿਲੋਂ ਮੁਅਤੱਲ ਕਰਵਾਇਆ, ਅਤੇ ਫੇਰ ਉਹਨਾਂ ਵਿਰੁਧ ਬਲਾਤਕਾਰੀ ਦੇ ਕੇਸ ਬਣਵਾ ਕੇ ਉਹਨਾਂ ਨੂੰ ਅੰਦਰ ਕਰਵਾਇਆ ਹੈ। ਇਸ ਕਾਂਡ ਦੀ ਰੀਪੋਰਟ ਸਮਤਾ ਦੇ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ, ਜਿਸਨੂੰ ਸੁਖਦਰਸ਼ਨ ਨੱਤ ਨੇ ਸਮਕਾਲੀਨ ਜਨਪਤ ਵਿਚੋਂ ਅਨੁਵਾਦ ਕਰਕੇ ਸਾਨੂੰ ਭੇਜੀ ਹੈ/ਸੰਪਾਦਕ

---

"ਸਾਡਾ ਕਸੂਰ ਕੀ ਸੀ ਜੋ ਇਸ ਤਰ੍ਹਾਂ ਸਾਡੀ ਇੱਜ਼ਤ ਨਾਲ ਖਿਲਵਾੜ ਕੀਤਾ ਗਿਆ? ਕੀ ਅਸੀਂ ਕੋਈ ਜਾਨਵਰ ਹਾਂ? ਕੀ ਉਹਨਾਂ ਦੇ ਘਰ ਕੋਈ ਮਾਂ-ਭੈਣ ਨਹੀਂ ?"......ਗੁੱਸੇ ਹੰਝੂਆਂ ਅਤੇ ਘਿਰਣਾ ਵਿਚ ਡੁੱਬੀਆਂ ਪਿੰਡ ਪੜਰੀਆਂ ਦੀਆਂ ਔਰਤਾਂ ਦੀ ਦਿਲ-ਹਿਲਾ ਦੇਣ ਵਾਲੀ ਕੁਰਲਾਹਟ ਅੱਜ ਵੀ ਕੋਈ ਸੁਣ ਸਕਦਾ ਹੈ। ਉਨ੍ਹਾਂ ਦਾ ਭਵਿੱਖ ਕਿੰਨਾ ਅਪਮਾਨਤ, ਹੀਣਾ ਅਤੇ ਹਨੇਰਾ ਹੋਵੇਗਾ ਇਸਦੀ ਅਤੇ 18 ਫਰਵਰੀ ਦੇ ਅਕਹਿ ਜ਼ੁਲਮ-ਸਿਤਮ ਦੀ ਕਲਪਨਾ ਕਰਕੇ ਉਹਨਾਂ ਦਾ ਮਨ ਦਹਿਲ ਉਠਦਾ ਹੈ।

18 ਫਰਵਰੀ ਦੀ ਅੱਧੀ ਰਾਤ ਨੂੰ ਪੂਰਾ ਪੜਰੀਆ ਪਿੰਡ ਔਰਤਾਂ, ਬੱਚਿਆਂ ਅਤੇ ਆਦਮੀਆਂ ਦੀ ਕੁਰਲਾਹਟ ਅਤੇ ਚੀਕ ਪੁਕਾਰ ਨਾਲ ਭਰ ਗਿਆ—ਜਦੋਂ ਜਸੀਡੀਹ ਥਾਣੇ ਦੇ ਵੱਡੇ ਥਾਣੇਦਾਰ, ਛੋਟੇ ਥਾਣੇਦਾਰ ਤੇ ਹੌਲਦਾਰ ਸਮੇਤ ਤਿੰਨ ਦਰਜਨ ਹਥਿਆਰਬੰਦ ਪੁਲਸੀਆਂ ਨੇ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋ ਕੇ ਪਿੰਡ ਤੇ ਵਹਿਸ਼ੀਆਨਾ ਹਮਲਾ ਕਰ ਦਿੱਤਾ। ਸ਼ੁਰੂ ਵਿਚ ਪਿੰਡ ਵਾਲਿਆਂ ਨੇ ਚੋਰ ਸਮਝਕੇ "ਚੋਰ ਚੋਰ" ਦਾ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਤਾਂ ਪੁਲਸੀਆਂ ਨੇ ਚੀਕ ਕੇ ਕਿਹਾ ਕਿ, "ਸਾਲਿਓ ਚੋਰ ਨਹੀਂ, ਇਹ ਤਾਂ ਅਸੀਂ ਹਾਂ ਤੁਹਾਡੇ ਪਿਉ, ਤੁਹਾਨੂੰ ਸਬਕ ਸਿਖਾਉਣ ਆਏ ਹਾਂ?" ਇਸਤੋਂ ਬਾਅਦ ਰਾਜ-ਸੱਤਾ ਦੀ ਬੰਦੂਕ ਤੇ ਲਾਠੀ ਅਤੇ ਕਾਨੂੰਨ ਦੀ ਰੋਸ਼ਨੀ ਵਿਚ ਖਾਕੀ ਵਰਦੀਧਾਰੀ ਸ਼ੈਤਾਨਾਂ ਨੇ ਲਗਾਤਾਰ ਤਿੰਨ ਘੰਟੇ ਤੱਕ ਸਮੂਹਕ ਬਲਾਤਕਾਰ, ਲੁੱਟ-ਮਾਰ ਅਤੇ ਕੁਟ-ਮਾਰ ਦਾ ਸਿਲਸਿਲਾ ਜਾਰੀ ਰੱਖਿਆ।

ਸਭ ਤੋਂ ਪਹਿਲਾਂ ਪੁਲਸ ਵਾਲੇ ਜੈ ਰਾਮ ਯਾਦਵ (70 ਸਾਲ) ਦੇ ਘਰ ਦਾ ਦਰਵਾਜ਼ਾ ਤੋੜ ਕੇ ਅੰਦਰ ਘੁਸ ਗਏ। ਦਰਵਾਜ਼ਾ ਨਾ ਖੋਲ੍ਹਣ ਦੇ ਜੁਰਮ ਵਿਚ ਦਰਜਨਾਂ ਡਾਂਗਾਂ ਉਸਦੇ ਸਰੀਰ ਤੇ ਵਰ੍ਹਾ ਦਿੱਤੀਆਂ ਗਈਆਂ। ਲਹੂ-ਲੁਹਾਣ ਜੈ ਰਾਮ ਦੀ ਗੁੱਦਾਂ ਵਿਚ ਡੰਡਾ ਧੱਕ ਦਿਤਾ ਗਿਆ। ਘਰ ਵਿਚ ਸੁੱਤੀ ਜੈ ਰਾਮ ਦੀ ਬੇਟੀ ਰਾਧਾ ਦੇਵੀ (32 ਸਾਲ 2 ਬੱਚਿਆਂ ਦੀ ਮਾਂ) ਨੂੰ ਘਰੋਂ ਬਾਹਰ ਆਉਣ ਲਈ ਕਿਹਾ ਗਿਆ। ਰਾਧਾ ਦੇਵੀ ਦੇ ਦਰਵਾਜ਼ਾ ਨਾ ਖੋਲ੍ਹਣ ਤੇ ਪੁਲਸੀਏ ਛੱਤ ਤੇ ਚੜ੍ਹ ਗਏ। ਛੱਤ ਦਾ ਛੱਪਰ ਤੋੜ ਕੇ ਕਮਰੇ ਵਿਚ ਦਾਖਲ ਹੋ ਗਏ। ਬਾਹਰ ਤੋਂ ਸੱਬਲ ਨਾਲ ਦਰਵਾਜ਼ਾ ਵੀ ਤੋੜ ਦਿੱਤਾ ਗਿਆ। ਇਸਤੋਂ ਮਗਰੋਂ ਛੇ ਪੁਲਸ ਵਾਲਿਆਂ ਨੇ ਰਾਧਾ ਦੇਵੀ ਨੂੰ ਕੁੱਟ-ਮਾਰ ਕੇ ਡੇਗ ਦਿੱਤਾ ਅਤੇ ਉਸਦੇ ਹੱਥ ਪੈਰ ਬੂਟਾਂ ਥੱਲੇ ਦੱਬ ਕੇ ਮੂੰਹ ਵਿਚ ਕੱਪੜਾ ਤੁੰਨ ਕੇ ਸਮੂਹਕ ਬਲਾਤਕਾਰ ਕੀਤਾ। ਡਰ ਨਾਲ ਰੋ ਰਹੇ ਰਾਧਾ ਦੇ ਬੱਚਿਆਂ ਨੂੰ ਬੇਦਰਦੀ ਨਾਲ ਕੁੱਟ ਕੇ ਵਿਹੜੇ ਵਿਚ ਸੁੱਟ ਦਿੱਤਾ ਗਿਆ। ਰਾਧਾ ਦੇ ਸਰੀਰ ਤੋਂ ਸਾਰੇ ਗਹਿਣੇ ਲਾਹ ਲਏ ਅਤੇ ਸਾਰਾ ਘਰ ਲੁੱਟ ਲਿਆ ਗਿਆ।

ਇਸ ਤੋਂ ਬਾਅਦ ਸ੍ਰੀ ਮਤੀ ਦੇਰੀਆ ਦੇਵੀ (ਪਤਨੀ ਲੀਲੋ ਯਾਦਵ) ਦੇ ਘਰ ਦਾ ਦਰਵਾਜ਼ਾ ਤੋੜ ਕੇ ਪੁਲਸ ਉਸਦੇ ਘਰ ਵਿਚ ਘੁਸ ਗਈ। ਪਹਿਲਾਂ ਉਸਦੀ ਕੁੱਟ ਮਾਰ ਕੀਤੀ ਤੇ ਉਸਦੀ ਗੋਦੀ ਵਾਲੀ ਬੱਚੀ ਨੂੰ ਵਿਹੜੇ ਵਿਚ ਵਗਾਹ ਮਾਰਿਆ। ਛੇ ਪੁਲਸ ਵਾਲਿਆਂ ਨੇ ਰਾਧਾ ਵਾਂਗ ਉਸ ਨਾਲ ਵੀ ਬਲਾਤਕਾਰ ਕੀਤਾ, ਗਹਿਣੇ ਅਤੇ ਘਰ ਦਾ ਸਾਰਾ ਸਮਾਨ ਲੁੱਟ ਲਿਆ। ਉਸ ਮਗਰੋਂ ਉਹ ਉਸੇ ਢੰਗ ਨਾਲ ਕਮਲੀ ਦੇਵੀ (30 ਸਾਲ) ਦਾ ਘਰ ਤੋੜ ਕੇ ਘੁਸ ਗਏ ਅਤੇ ਚਾਰ ਪੁਲਸੀਆਂ ਨੇ ਉਸ ਨਾਲ ਵੀ ਮੂੰਹ ਕਾਲਾ ਕੀਤਾ। ਇਸ ਮਗਰੋਂ ਤਰਨੀ ਯਾਦਵ ਦੀ ਨੂੰਹ ਸੋਨਾ ਦੇਵੀ (18 ਸਾਲ) ਜੋ ਸਿਰਫ ਡੇਢ ਮਹੀਨਾ ਹੀ ਪਹਿਲਾਂ ਪਹਿਲੀ ਵਾਰ ਸੁਸਰਾਲ ਆਈ ਸੀ-ਨਾਲ ਛੇ ਪੁਲਸੀਆਂ ਤੇ ਬਲਾਤਕਾਰ ਕੀਤਾ। ਸੋਨਾ ਦੇਵੀ ਦੇ ਬੇਹੋਸ਼ ਹੋ ਜਾਣ ਮਗਰੋਂ ਵੀ ਪੁਲਸੀਏ ਉਸਦੇ ਸਰੀਰ ਤੋਂ ਅਲੱਗ ਨਹੀਂ ਹੋਏ। ਮੋਤੀ ਯਾਦਵ ਦੀ ਪਤਨੀ ਨਿੰਮੀਆ

ਦੇਵੀ (21 ਸਾਲ) ਨਾਲ ਵੀ ਪੰਜ ਪੁਲਸੀਆਂ ਨੇ ਬਲਾਤਕਾਰ ਕੀਤਾ ਅਤੇ ਘਰ ਦੇ ਗਹਿਣੇ ਲੁੱਟ ਲਏ। ਬਿਲਮਾ ਦੇਵੀ (28 ਸਾਲ) ਨਾਲ ਬਲਾਤਕਾਰ ਕਰ ਰਹੇ ਚਾਰ ਪੁਲਸੀਆਂ ਨੂੰ ਰੋਕਣ ਤੇ ਉਹਨਾਂ ਉਸਦੀ ਮਾਂ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ। ਇਕ ਘਰ ਵਿਚ ਔਰਤਾ ਨੇ ਇਕ ਲੜਕੀ ਨੂੰ ਬਿਸਤਰਿਆਂ ਵਿਚ ਲਪੇਟ ਕੇ ਬਚਾਇਆ। ਜਦੋਂ ਪੁਲਸੀਆਂ ਨੇ 24 ਸਾਲਾ ਗੀਤਵਾ ਦੇਵੀ ਨਾਲ ਬਲਾਤਕਾਰ ਕਰਨਾ ਚਾਹਿਆ, ਤਾਂ ਉਸਦੀ ਗੋਦ ਵਿਚਲਾ ਨਵ-ਜੰਮਿਆ ਬੱਚਾ ਰੋ ਪਿਆ; ਪੁਲਸ-ਵਾਲਿਆਂ ਨੇ ਉਸਨੂੰ ਬਾਹਰ ਪਟਕਾ ਮਾਰਨ ਦੀ ਧਮਕੀ ਦਿੱਤੀ! ਉਹ ਬੇਤਹਾਸ਼ਾ ਰੋਣ ਲੱਗੀ ਤਾਂ ਉਸਦੀ ਕੁੱਟ ਮਾਰ ਕੀਤੀ ਗਈ ਅਤੇ ਗਹਿਣੇ ਖੋ ਲਏ ਗਏ। ਇਸ ਤੋਂ ਬਿਨਾਂ ਝੁਨੀਆ ਦੇਵੀ, ਦਮੀਆ ਦੇਵੀ, ਜਗੀਆ ਦੇਵੀ, ਪਰਜਤੀਆ ਦੇਵੀ, ਚਾਨੋ ਦੇਵੀ, ਵੀਨਾ ਦੇਵੀ, ਫੂਲੀਆ ਦੇਵੀ, ਅਨਪੀ ਦੇਵੀ ਅਤੇ ਰੇਸ਼ਮਾ ਦੇਵੀ ਆਦਿ ਔਰਤਾਂ ਨਾਲ ਵੀ ਪੁਲਸ ਨੇ ਅਸ਼ਲੀਲ ਹਰਕਤਾਂ ਕੀਤੀਆਂ ਅਤੇ ਕੁੱਟ ਮਾਰ ਕਰਕੇ ਗਹਿਣੇ ਲੁਹਾ ਲਏ। ਪੁਲਸੀਆਂ ਨੇ ਜਿਨ੍ਹਾਂ ਜਿਨ੍ਹਾਂ ਘਰਾਂ ਵਿਚ ਬਲਾਤਕਾਰ ਜਾਂ ਲੁੱਟ ਮਾਰ ਕੀਤੀ ਜਾਂਦੇ ਜਾਂਦੇ ਉਹਨਾਂ ਨੂੰ ਕਹਿ ਜਾਂਦੇ ਸਨ ਕਿ "ਦਰਵਾਜ਼ਾ ਬੰਦ ਕਰ ਲਓ, ਦੁਸ਼ਮਣ ਪਹੁੰਚ ਸਕਦਾ ਹੈ।" ਤਾਂ ਔਰਤਾਂ ਰੋਂਦੀਆਂ ਤੇ ਗਾਲਾਂ ਦੇਂਦੀਆਂ ਹੋਈਆਂ ਕਹਿ ਰਹੀਆਂ ਸਨ ਕਿ ਤੁਹਾਥੋਂ ਵੱਡਾ ਦੁਸ਼ਮਣ ਕੋਈ ਹੋਰ ਕੌਣ ਹੋਵੇਗਾ। ਇਸ ਸਿਲਸਿਲੇ ਵਿਚ ਇਕ ਗੂੰਗੇ ਬਹਿਰੇ ਲੜਕੇ ਸਮੇਤ ਪੌਖਨ ਯਾਦਵ, ਲੀਲੋ ਯਾਦਵ, ਭੈਰੋ ਯਾਦਵ, ਫੁਲੇਸਵਰ ਯਾਦਵ, ਪ੍ਰਮੋਦ ਯਾਦਵ, ਲਾਡੂ ਯਾਦਵ, ਹੁੱਬੀ ਮਹਤੋ, ਤਰਨੀ ਯਾਦਵ, ਹਰੀ ਮਹਤੋ, ਸਹਿਦੂ ਮਹਤੋ, ਟੀਪਨ ਮਹਤੋ, ਜੋਗੇਂਦਰ ਮਹਤੋ ਆਦਿ ਆਦਮੀਆਂ ਨੂੰ ਵੀ ਪੁਲਸ ਨੇ ਭਿਆਨਕ ਕੁੱਟ ਮਾਰ ਕੀਤੀ ਤੇ ਉਨ੍ਹਾਂ 'ਚੋਂ 14 ਨੂੰ ਗ੍ਰਿਫਤਾਰ ਕਰ ਲਿਆ।

ਕਈ ਗੁਆਂਢੀ ਪਿੰਡਾਂ ਵਿਚ ਵੀ ਛਾਪੇ ਮਾਰਨ ਦੇ ਨਾਂ ਤੇ ਪੁਲਸ ਨੇ ਕਈ ਘਰਾਂ ਦੇ ਦਰਵਾਜ਼ੇ ਤੋੜੇ, ਲੁੱਟ ਮਾਰ ਤੇ ਔਰਤਾਂ ਦੀ ਬੇਇੱਜ਼ਤੀ ਕੀਤੀ। ਜਾਂਦੇ ਜਾਂਦੇ ਪੁਲਸ ਵਾਲੇ ਕਹਿ ਗਏ ਕਿ ਜੇ ਕੋਈ ਇਸ ਵਿਰੁਧ ਸ਼ੋਰ, ਸ਼ਰਾਬਾ ਜਾਂ ਵਿਰੋਧ ਕਰੇਗਾ, ਤਾਂ ਅਸੀਂ ਫਿਰ ਆਵਾਂਗੇ।

ਪੜਰੀਆ-ਸੰਥਾਲ ਪਰਗਨਾ ਦੇ ਜ਼ਿਲਾ ਦੇਵ ਘਰ (ਬਿਹਾਰ) ਦੇ ਅਧੀਨ ਜਸੀਡੀਹ ਜੰਕਸ਼ਨ ਤੋਂ 22 ਕਿਲੋਮੀਟਰ ਦੱਖਣ ਵੱਲ ਸਥਿਤ ਇੱਕ ਪਿੰਡ ਹੈ। ਪਥਰੀਲੀਆਂ ਚਟਾਨਾਂ, ਪਹਾੜੀਆਂ ਅਤੇ ਨਦੀਆਂ ਨਾਲ ਘਿਰੇ ਇਸ ਪਿੰਡ ਵਿਚ ਸਿਰਫ਼ ਯਾਦਵ ਜ਼ਾਤੀ ਦੇ ਹੀ ਲੋਕ ਰਹਿੰਦੇ ਹਨ। ਗਰੀਬੀ, ਮੰਦਹਾਲੀ ਤੇ ਪਿਛੜਿਆ-ਪਨ ਹਰ ਘਰ ਤੋਂ ਨਜ਼ਰ ਆਉਂਦਾ ਹੈ। ਸਰਕਾਰ ਦੀਆਂ ਕਲਿਆਣਕਾਰੀ ਸਕੀਮਾਂ-ਇਲਾਜ ਤੇ ਸਿਖਿਆ ਆਦਿ ਦੀਆਂ ਸਹੂਲਤਾਂ ਅੱਜ ਤੱਕ ਇਥੇ ਨਹੀਂ ਪਹੁੰਚੀਆਂ। ਬਿਜਲੀ ਦਾ ਤਾਂ ਪੂਰੇ ਇਲਾਕੇ ਵਿਚ ਨਾਮੋ-ਨਿਸ਼ਾਨ ਨਹੀਂ ਹੈ। ਸਾਲ ਵਿਚ ਚਾਰ ਮਹੀਨੇ ਹੜ੍ਹ ਦੇ ਪਾਣੀ ਨਾਲ ਘਿਰ ਕੇ ਇਹ ਇਲਾਕਾ, ਬਾਕੀ ਆਬਾਦੀ ਨਾਲ ਕੱਟਿਆ ਰਹਿੰਦਾ ਹੈ। ਲੋਕਾਂ ਕੋਲ ਜਿਉਂਦੇ ਰਹਿਣ ਦਾ ਇਕੋ ਇਕ ਆਧਾਰ-ਧਾਨ ਦੀ ਪੈਦਾਵਾਰ ਹੈ। ਬਾਕੀ ਦਾ ਸਮਾਂ ਉਹ ਪੱਥਰ ਤੋੜ ਕੇ ਜਾਂ ਮਿੱਟੀ ਦਾ ਕੰਮ ਕਰਕੇ ਮਜ਼ਦੂਰੀ ਕਰਦੇ ਹਨ। ਨਿਤ ਦਿਨ ਦੇ ਜੀਵਨ ਲਈ ਲੋੜੀਂਦੀਆਂ ਚੀਜ਼ ਲੋਕ, ਗੁਆਂਢ ਦੇ ਪਿੰਡ ਪੁਨਾਸੀ ਵਿੱਚ ਲੱਗਣ ਵਾਲੇ ਹਫ਼ਤਾਵਾਰੀ ਬਜ਼ਾਰ ਤੋਂ ਹੀ ਖਰੀਦਦੇ ਹਨ। ਇਲਾਕੇ ਵਿਚ ਆਮ ਤੌਰ ਤੇ ਸ਼ਾਂਤੀ ਸੀ, ਚੋਰੀ ਡਕੈਤੀ ਦੀਆਂ ਘਟਨਾਵਾਂ ਸੁਨਣ ਵਿਚ ਨਹੀਂ ਸਨ ਆਈਆਂ।

ਲੇਕਿਨ 1985 ਵਿਚ ਜਦੋਂ ਬਿਹਾਰ ਸਰਕਾਰ ਨੇ ਅਜੇ ਨਦੀ ਉਤੇ ਪੁਨਾਸੀ ਡੈਮ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ, ਤਦ ਇਹ ਇਲਾਕਾ ਅਸ਼ਾਂਤ ਹੋ ਗਿਆ। ਕਿਉਂਕਿ ਡੈਮ ਨਾਲ ਪੜਰੀਆ ਅਤੇ ਆਲੇ ਦੁਆਲੇ ਦੇ ਪਿੰਡਾਂ ਦੀ ਹੋਂਦ ਨੂੰ ਖਤਰਾ ਖੜਾ ਹੋ ਗਿਆ। ਡੈਮ ਦਾ ਪਾਣੀ ਇਕੱਠਾ ਹੋਣ ਨਾਲ ਇਹ ਸਾਰੇ ਪਿੰਡ ਜਾਂ ਤਾਂ ਪੂਰੀ ਤਰ੍ਹਾਂ ਪਾਣੀ ਵਿਚ ਡੁੱਬ ਜਾਣਗੇ ਜਾਂ ਟਾਪੂ ਬਣ ਕੇ ਰਹਿ ਜਾਣਗੇ। ਤਦ ਤੋਂ ਹੀ ਰਿਹਾਇਸ਼ ਲਈ ਬਦਲਵੀਂ ਜਗ੍ਹਾ, ਜਾਇਜ਼ ਮੁਆਵਜ਼ਾ, ਸਥਾਨਕ ਲੋਕਾਂ ਨੂੰ ਰੁਜ਼ਗਾਰ ਅਤੇ ਜਾਇਜ਼ ਮਜ਼ਦੂਰੀ ਵਰਗੀਆਂ ਮੰਗਾਂ ਨੂੰ ਲੈ ਕੇ ਅੰਦੋਲਨਾਂ ਦਾ ਸਿਲਸਿਲਾ ਆਰੰਭ ਹੋ ਗਿਆ। ਜਿਸ ਨੂੰ ਕੁਚਲਣ ਲਈ 1987 ਵਿਚ ਪੁਨਾਸੀ ਮਿਡਲ ਸਕੂਲ ਵਿਚ ਪੁਲੀਸ ਕੈਂਪ ਕਾਇਮ ਕਰ ਦਿਤਾ ਗਿਆ। ਬੱਸ ਇਥੋਂ ਹੀ ਜਨਤਾ ਅਤੇ ਪੁਲੀਸ ਵਿਚਕਾਰ ਇਕ ਸਥਾਈ ਅੰਤਰ ਵਿਰੋਧ ਸ਼ੁਰੂ ਹੋ ਗਿਆ, ਜੋ ਪੜਰੀਆ ਕਾਂਡ ਦਾ ਮੂਲ ਕਾਰਨ ਬਣਿਆ।

ਸਥਿਤੀ ਲਗਾਤਾਰ ਬਿਗੜਦੀ ਗਈ। ਪੁਲੀਸ ਜ਼ੁਲਮ ਦੀ ਇਹ ਕਹਾਣੀ ਕੋਈ ਨਵੀਂ ਨਹੀਂ। ਇਸ ਇਲਾਕੇ ਉਤੇ ਪੁਲਸੀ ਮਨ-ਮਾਨੀਆਂ ਦਾ ਸਿਲਸਿਲਾ ਪੁਨਾਸੀ ਵਿਚੋਂ ਪੁਲਸ ਕੈਂਪ ਕਾਇਮ ਹੋਣ ਤੋਂ ਹੀ ਸ਼ੁਰੂ ਹੋ ਗਿਆ ਸੀ। ਆਏ ਦਿਨ ਪੇਂਡੂਆ ਦੇ ਮੁਰਗੇ-ਮੁਰਗੀਆਂ, ਬੱਕਰੇ-ਬੱਕਰੀਆਂ ਜਾਂ ਅਨਾਜ ਹੜੱਪ ਲੈਣਾ ਸਧਾਰਨ ਗੱਲ ਬਣੀ ਹੋਈ ਹੈ। ਕਿਸੇ ਨੂੰ ਦਬੋਚ ਕੇ ਰੁਪਏ-ਪੈਸੇ ਝਾੜ ਲੈਣਾ ਪੁਲੀਸ ਦੀਆਂ ਰੋਜ਼ਾਨਾ ਦੀਆਂ ਆਦਤਾਂ ਵਿਚ ਸ਼ਾਮਲ ਹੈ। ਉਪਰੋਂ ਪੁਲਸ ਪਿੰਡ ਪਿੰਡ ਘੁੰਮ ਕੇ ਮੁਨਾਦੀ ਕਰਦੀ ਫਿਰਦੀ ਹੈ ਕਿ ਕਿਸੇ ਨੇ ਜ਼ਰਾ ਵੀ ਚੂੰ-ਚਾਂ ਕੀਤੀ ਤਾਂ ਗੋਲੀ ਮਾਰ ਦਿਤੀ ਜਾਵੇਗੀ-ਜੇਲ੍ਹ ਵਿਚ ਸੁੱਟ ਦਿੱਤਾ ਜਾਵੇਗਾ।

ਪੁਲਸ ਦੀਆਂ ਇਨ੍ਹਾਂ ਕਾਰਗੁਜ਼ਾਰੀਆਂ ਦੇ ਖਿਲਾਫ਼ ਪਹਿਲੀ ਸੰਗਠਤ ਅਵਾਜ਼ ਉਠਾਈ ਸੀ, ਪੁਲਾਸੀ ਦੇ ਜਾਗਰਤ ਗ਼ਰੀਬ ਮੁਸਲਮਾਨਾਂ ਨੇ। ਪੁਲਸ ਕੈਂਪ ਕਾਇਮ ਹੁੰਦੇ ਹੀ, ਪੁਲਸ ਨੇ ਚੌਕੀਦਾਰ ਦੀ ਮਦਦ ਨਾਲ ਗੁਆਂਢੀ ਪਿੰਡ ਦੀ ਇਕ ਹਰੀਜਨ ਲੜਕੀ ਨਾਲ ਬਲਾਤਕਾਰ ਦਾ ਕੁਕ੍ਰਮ ਕੀਤਾ। ਇਸ ਕਾਂਡ ਦੇ ਪਿੰਡ ਦੇ ਗ਼ਰੀਬ ਮੁਸਲਮਾਨਾਂ ਨੇ ਅਗੇ ਹੋ ਕੇ ਜ਼ੋਰਦਾਰ ਵਿਰੋਧ ਕੀਤਾ। ਪਰ ਪੁਲਸ ਨੇ ਉਨ੍ਹਾਂ ਨੂੰ "ਫਿਰਕੂ" ਕਰਾਰ ਦੇ ਕੇ ਨਿਖੇੜੇ ਵਿਚ ਪਾ ਦਿਤਾ। ਮਾਮਲੇ ਨੂੰ ਦਬਾਉਣ ਦੀਆਂ ਕਾਫੀ ਕੋਸ਼ਿਸ਼ਾਂ ਹੋਈਆਂ। ਪਰ ਫਿਰ ਵੀ ਜਦੋਂ ਇਸ ਮਾਮਲੇ ਤੇ ਜਨਤਾ ਦਾ ਗੁੱਸਾ ਵਧਦਾ ਗਿਆ, ਤਾਂ ਉਸ ਨੂੰ ਠੰਡਾ ਕਰਨ ਲਈ ਪੁਨਾਸੀ ਚੋਂ ਪੁਲਸ ਕੈਂਪ ਚੁੱਕ ਲਿਆ ਗਿਆ। ਪਰ ਡੈਮ ਦਾ ਨਿਰਮਾਣ ਕਾਰਜ ਵੀ ਜਾਰੀ ਰਿਹਾ ਤੇ ਆਪਣੇ ਹੱਕਾਂ ਲਈ ਜਨਤਾ ਦਾ ਅੰਦੋਲਨ ਵੀ।

ਜਨਤਾ ਦਾ ਗੁੱਸਾ ਅੰਦਰੋ ਅੰਦਰ ਸੁਲਗ ਰਿਹਾ ਸੀ। ਇਸੇ ਲਈ 12 ਫਰਵਰੀ ਦੀ ਇਕ 'ਸਧਾਰਨ ਜਹੀ' ਘਟਨਾ ਨੂੰ ਅੱਗ ਉਤੇ ਤੇਲ ਦਾ ਕੰਮ ਕੀਤਾ। ਪੜਰੀਆ ਨਿਵਾਸੀ ਜੋਗੇਂਦਰ ਮਹਤੋ ਦੀ ਸ਼ਾਦੀ ਪੰਜ ਸਾਲ ਪਹਿਲਾਂ ਗਵਾਲ-ਬੀਘਾ ਪਿੰਡ ਵਿਖੇ ਹੋਈ ਸੀ। ਸ਼ਾਦੀ ਦੌਰਾਨ ਹੀ ਕਿਸੇ ਗੱਲੋਂ ਅਨ-ਬਣ ਹੋ ਜਾਣ ਕਾਰਨ, ਵਿਆਹ ਹੋ ਜਾਣ ਦੇ ਪੰਜ ਸਾਲ ਬਾਦ ਵੀ ਉਸਦੇ ਸਹੁਰਿਆਂ ਨੇ ਉਸ ਦੀ ਪਤਨੀ ਨੂੰ ਉਸ ਨਾਲ ਨਾ ਤੋਰਿਆ। ਇਸੇ ਦਰਮਿਆਨ 11 ਫਰਵਰੀ ਪੁਲਾਸੀ ਦੇ ਹਫਤਾਵਾਰੀ ਬਜ਼ਾਰ ਸਮੇਂ ਜੋਗੇਂਦਰ ਦੀ ਪਤਨੀ ਉਸ ਨੂੰ ਮਿਲੀ ਅਤੇ ਆਪਣੇ ਘਰ ਵਾਲਿਆਂ ਦੀ ਮਰਜ਼ੀ ਦੇ ਖਿਲਾਫ ਉਸ ਨਾਲ ਆਪਣੇ ਸਹੁਰੇ ਘਰ ਚਲੀ ਗਈ। ਉਸੇ ਦਿਨ ਜਸੀਡੀਹ ਥਾਣੇ ਦਾ ਇਕ ਸਿਪਾਹੀ ਅਤੇ ਚੌਕੀਦਾਰ, ਬਜ਼ਾਰ ਵਿਚ 'ਕੁਝ ਕਮਾਈ' ਕਰਨ ਲਈ ਪਹੁੰਚੇ ਹੋਏ ਸਨ। ਜੋਗੇਂਦਰ ਦੀ ਪਤਨੀ ਅਨਪੀ ਦੇ ਮਾਪਿਆਂ ਨੇ ਉਸ ਦੇ ਇਸ ਤਰ੍ਹਾਂ ਮਨ-ਮਰਜ਼ੀ ਨਾਲ ਚਲੇ ਜਾਣ ਨੂੰ ਆਪਣੀ ਇੱਜ਼ਤ ਦਾ ਸੁਆਲ ਬਣਾਇਆ ਹੋਇਆ ਸੀ। ਇਹ ਗੱਲ ਤਾੜ ਕੇ ਚੌਕੀਦਾਰ ਏਕ ਲਾਲ ਪਾਸਵਾਨ ਨੇ ਅਨਪੀ ਦੇ ਮਾਤਾ ਪਿਤਾ ਨੂੰ ਉਸ ਸਿਪਾਹੀ ਨਾਲ ਮਿਲਾਇਆ। ਉਸ ਨੇ ਰਿਸ਼ਵਤ ਖਾ ਕੇ ਇਕ ਝੂਠਾ ਕੇਸ ਘੜਿਆ ਅਤੇ ਲੜਕੇ ਵਾਲਿਆਂ (ਜੋਗੇਂਦਰ ਦੇ ਪਰੀਵਾਰ) ਨੂੰ ਡਰਾ ਧਮਕਾ ਕੇ, ਹੋਰ 'ਕਮਾਈ' ਕਰਨ ਦੇ ਇਰਾਦੇ ਨਾਲ ਉਹ ਦੋਵੇਂ ਅਗਲੇ ਦਿਨ ਪੜਰੀਆ ਪਹੁੰਚੇ। ਉਥੇ ਉਨ੍ਹਾਂ ਜੋਗੇਂਦਰ ਦੇ ਪਿਤਾ ਟੀਪਨ ਮਹਤੋ (50 ਸਾਲ) ਨੂੰ ਫੜਕੇ ਪੈਸੇ ਝਾੜਨ ਲਈ ਵਹਿਸ਼ੀਆਨਾ ਢੰਗ ਨਾਲ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਟੀਪਨ ਦੀ ਚੀਖ਼ ਪੁਕਾਰ ਸੁਣ ਕੇ ਪਿੰਡ ਵਾਲਿਆਂ ਦਾ ਗੁੱਸਾ ਲਾਵਾ ਬਣਕੇ ਫੁੱਟ ਨਿਕਲਿਆ। ਸਿਟੇ ਵਜੋਂ ਉਨ੍ਹਾਂ ਇਕੱਠੇ ਹੋ ਕੇ ਇਸ ਜ਼ੁਲਮ ਦਾ ਵਿਰੋਧ ਕੀਤਾ ਅਤੇ ਸਿਪਾਹੀ ਤੇ ਚੌਕੀਦਾਰ ਦੀ 'ਸੇਵਾ' ਕਰਕੇ ਪਿੰਡੋਂ ਦਫ਼ਾ ਕਰ ਦਿੱਤਾ। ਕੁੱਟ ਖਾ ਕੇ ਸਿਪਾਹੀ ਜਸੀਡੀਹ ਥਾਣੇ ਪਹੁੰਚਿਆ ਅਤੇ ਪੁਲਸ ਵਾਲਿਆਂ ਨੂੰ ਆਪਣੀ ਸ਼ਕਲ ਦਿਖਾਈ ਅਤੇ ਹਾਲ ਚਾਲ ਸੁਣਾਇਆ। ਬੱਸ ਉਦੋਂ ਤੋਂ ਹੀ ਭਾਵ ਹਫਤਾ ਭਰ ਤੋਂ ਹੀ ਪੁਲਸ ਪਿੰਡ ਵਾਲਿਆਂ ਨੂੰ ਸਬਕ ਸਿਖਾਉਣ ਦੀਆਂ ਯੋਜਨਾਵਾਂ ਬਣਾ ਰਹੀ ਸੀ।

ਪੜਰੀਆ ਕਾਂਡ ਰਚਣ ਪਿਛੇ ਪੁਲਸ ਅਤੇ ਪ੍ਰਸਾਸ਼ਨ ਦਾ ਅਸਲ ਮਨੋਰਥ, ਡੈਮ ਉਸਾਰੀ ਨਾਲ ਸੰਬੰਧਿਤ ਸਮੱਸਿਆਵਾਂ ਦੇ ਹੱਲ ਲਈ ਚੱਲ ਰਹੇ ਸੰਘਰਸ਼ ਵਿਚ ਸਥਾਨਕ ਲੋਕਾਂ ਦਾ ਮਨੋਬਲ ਤੋੜਨਾ ਹੈ, ਕਿਉਂਕਿ ਇਸ ਸੰਘਰਸ਼ ਵਿਚ ਪੜਰੀਆ ਨਿਵਾਸੀ ਹਮੇਸ਼ਾਂ ਅਗੇ ਰਹੇ ਹਨ। ਇਹ ਵਹਿਸ਼ੀਆਨਾ ਕਾਂਡ ਇਕ ਵਾਰ ਮੁੜ ਸਾਬਤ ਕਰਦਾ ਹੈ ਕਿ ਸਰਕਾਰ ਚਾਹੇ ਬਿੰਦੇਸ਼ਵਰੀ ਦੂਬੇ ਦੀ ਹੋਵੇ ਜਾਂ ਭਗਵਤ ਝਾਅ ਅਜ਼ਾਦ ਦੀ, ਅਜਿਹੀਆਂ ਘਟਨਾਵਾਂ ਤਦ ਤੱਕ ਨਹੀਂ ਰੋਕੀਆਂ ਜਾ ਸਕਦੀਆਂ, ਜਦ ਤੱਕ ਪੁਲਸ ਦੇ ਪ੍ਰਸਾਸ਼ਨ ਬੁਨਿਆਦੀ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ। ਇਸ ਕਾਂਡ ਨੇ ਪੁਲਸ ਅਤੇ ਸਰਕਾਰ ਦੇ ਆਪਸੀ ਸੰਬੰਧਾਂ ਨੂੰ ਇਕ ਵਾਰ ਫਿਰ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਲਿਆਂਦਾ ਹੈ। ਜਿਥੇ ਇਕ ਪਾਸੇ ਔਰਤਾਂ ਦਾ ਸਮੂਹ ਚੀਕ ਚੀਕ ਕਹਿ ਰਿਹਾ ਹੈ ਕਿ ਉਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ ਹੈ, ਉਥੇ ਸਰਕਾਰ ਅਜੇ ਵੀ "ਪੜਤਾਲ" ਦੀ ਜ਼ਰੂਰਤ ਦੱਸ ਰਹੀ ਹੈ। ਅਤੇ ਬਲਾਤਕਾਰੀ ਪੁਲਸੀਏ, ਸਿਰਫ ਫਿਟਕਾਰ ਖਾਣ ਦੇ ਅੰਦਾਜ਼ ਵਿਚ ਆਪਣੀ ਮੁਅੱਤਲੀ ਲੈ ਕੇ ਸ਼ਰੇਆਮ ਘੁੰਮ ਰਹੇ ਹਨ।

ਜਿਥੇ ਪੜਰੀਆ ਕਾਂਡ ਨਾਲ ਉਹ ਸਾਰੇ ਸੰਗਠਨ, ਰਾਜਸੀ ਪਾਰਟੀਆਂ ਅਤੇ ਤਬਕੇ ਖੌਲ ਉਠੇ ਹਨ, ਜਿਨ੍ਹਾਂ ਵਿਚ ਜ਼ਰਾ ਜਿੰਨੀ ਵੀ ਇਨਸਾਨੀਅਤ ਅਤੇ ਇਨਸਾਫ ਦਾ ਮਾਦਾ ਮੌਜੂਦ ਹੈ। ਉਥੇ ਅਤਿ ਦਰਜੇ ਦੀ ਬੇਸ਼ਰਮੀ ਦਾ ਪਰਗਟਾਵਾ ਕਰਦਿਆ "ਅਖਿਲ ਭਾਰਤੀ ਮਹਿਲਾ ਕਾਂਗਰਸ" ਦੇ, ਕਾਂਗਰਸ ਦੀਆਂ ਮੈਂਬਰ ਪਾਰਲੀਮੈਂਟ ਔਰਤਾਂ 'ਤੇ ਅਧਾਰਿਤ ਚਾਰ ਮੈਂਬਰੀ ਜਾਂਚ-ਦਲ ਨੇ ਪੜਰੀਆ ਵਿਖੇ ਔਰਤਾਂ ਨਾਲ ਹੋਏ ਸਮੂਹਿਕ ਬਲਾਤਕਾਰ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਉਥੇ ਸਿਰਫ ਲੁੱਟ-ਮਾਰ ਤੇ ਕੁੱਟ-ਮਾਰ ਦੀਆਂ ਘਟਨਾਵਾਂ ਹੀ ਹੋਈਆਂ ਹਨ। ਇਤਿਹਾਸ ਉਨ੍ਹਾਂ ਦੇ ਇਸ ਸ਼ਰਮਨਾਕ ਝੂਠ ਨੂੰ ਹਮੇਸ਼ਾਂ ਯਾਦ ਰੱਖੇਗਾ ਕਿ ਕਾਂਗਰਸ ਦੀਆਂ ਚਾਰ ਪ੍ਰਤੀਨਿਧ ਔਰਤਾਂ ਨੇ (ਜਿਨ੍ਹਾਂ ਨੂੰ ਔਰਤਾਂ ਲਿਖਦਿਆਂ ਵੀ ਘਿਰਣਾ ਆਉਂਦੀ ਹੈ) ਫਰਵਰੀ 1988 ਵਿਚ ਇਕੱਠੀਆਂ 29

ਔਰਤਾਂ ਨਾਲ ਪੁਲਸ ਵਲੋਂ ਕੀਤੇ ਸਮੂਹਿਕ ਬਲਾਤਕਾਰ ਉਤੇ ਪਰਦਾ-ਪੋਸ਼ੀ ਕਰਨ ਲਈ, ਇਕ ਝੂਠਾ ਬਿਆਨ ਦਿਤਾ ਸੀ। ਇਸਦੇ ਬਿਲਕੁਲ ਉਲਟ ਕੁਝ ਜਨਤਾ ਦੇ ਕੁਝ ਇਨਕਲਾਬੀ 'ਜਮਹੂਰੀ ਸੰਗਠਨ ਇਸ ਸਵਾਲ 'ਤੇ ਸੜਕਾਂ ਉੱਤੇ ਉੱਤਰ ਆਏ ਹਨ। ਇੰਡੀਅਨ ਪੀਪਲਜ਼ ਫਰੰਟ ਦੇ ਇਸਤਰੀ ਵਿੰਗ ਨੇ ਇਸ ਕਾਂਡ ਦੀ ਸੂਚਨਾ ਮਿਲਦਿਆਂ ਹੀ, ਇਸਦੇ ਵਿਰੁਧ ਅੰਦੋਲਨ ਆਰੰਭ ਦਿਤਾ ਹੈ। ਸੀ. ਪੀ. ਆਈ ਨਾਲ ਜੁੜੇ ਪ੍ਰਗਤੀਸ਼ੀਲ ਮਹਿਲਾ ਸਮਾਜ ਨੇ ਵੀ ਇਸ ਤੇ ਤਿੱਖੀ-ਪ੍ਰਤੀ-ਕਿਰਿਆ ਜ਼ਾਹਿਰ ਕੀਤੀ ਹੈ। ਅੰਦੋਲਨਕਾਰੀ ਤਾਕਤਾਂ ਵਲੋਂ ਹੁਣ ਤੱਕ ਤਿੰਨ ਮਹੱਤਵਪੂਰਨ ਐਕਸ਼ਨਾਂ ਦਾ ਪ੍ਰੋਗਰਾਮ ਦਿਤਾ ਗਿਆ ਹੈ—ਪਹਿਲਾਂ 8 ਮਾਰਚ ਦੇ "ਕੌਮਾਂਤਰੀ-ਇਸਤਰੀ ਦਿਵਸ ਨੂੰ ਪੂਰੇ ਬਿਹਾਰ ਵਿਚ "ਪੜਰੀਆ ਦਿਵਸ" ਵਜੋਂ ਮਨਾਇਆ ਜਾਵੇ, ਦੂਜਾ—14 ਮਾਰਚ ਨੂੰ ਸਭਨਾਂ ਜ਼ਿਲਾ ਹੈਡ-ਕੁਆਟਰਾਂ, ਉੱਤੇ ਮੁੱਖ ਮੰਤਰੀ ਬਿਹਾਰ ਦਾ ਪੁਤਲਾ ਸਾੜਿਆ ਜਾਵੇ ਤੇ ਤੀਜਾ 16 ਮਾਰਚ ਨੂੰ ਰਾਜ-ਧਾਨੀ ਪਟਨਾ ਵਿਖੇ ਔਰਤਾਂ ਦਾ ਵਿਸ਼ਾਲ ਮੁਜ਼ਾਹਰਾ ਜਥੇਬੰਦ ਕਰਨਾ। ਮੰਗਾਂ ਹਨ-ਦੋਸ਼ੀ ਪੁਲਸ ਮੁਲਾਜ਼ਮਾਂ ਦੀ ਤੁਰੰਤ ਗ੍ਰਿਫਤਾਰੀ ਤੇ ਸਖ਼ਤ ਤੋਂ ਸਖ਼ਤ ਸਜ਼ਾ ਅਤੇ ਪੀੜਿਤ ਪ੍ਰੀਵਾਰਾਂ ਨੂੰ 50-50 ਹਜ਼ਾਰ ਰੁਪੈ ਮੁਆਵਜ਼ਾ।

ਕੀ 12 ਸਾਲ ਤੋਂ 50 ਸਾਲ ਤੱਕ ਦੀ ਉਮਰ ਵਾਲੀਆਂ ਪੜਰੀਆਂ ਦੀਆਂ 22 ਮਾਵਾਂ, ਭੈਣਾਂ ਦੀ ਚੀਕ ਪੁਕਾਰ ਨੂੰ ਕੋਈ ਧਰਵਾਸ ਮਿਲੇਗਾ? ਇਸਦਾ ਜਵਾਬ ਅਤੇ ਕੌਮਾਂਤਰੀ ਇਸਤਰੀ ਦਿਵਸ ਦੀ ਸੰਕਲਪਤਾ ਇਹੀ ਹੋ ਸਕਦਾ ਹੈ ਕਿ ਇਨਸਾਫ ਲਈ ਜੰਗ ਦਾ ਬਿਗਲ ਵੱਜੇ ਅਤੇ ਸਭੇ ਸੰਘਰਸ਼ ਦਾ ਇਕ ਖਾੜਕੂ ਮੋਰਚਾ ਲੱਗ ਜਾਵੇ!

(ਹਿੰਦੀ ਸਪਤ ਹਿਕ 'ਸਮਕਾਲੀਨ ਜਨਮਤ' ਵਿਚ ਛਪੇ ਨਵੇਂਦੂ ਅਤੇ ਅਨਿਮਅੰਜੂਮਨ ਦੇ ਲੇਖਾਂ ਦੇ ਆਧਾਰ ਤੇ)

o

## ਚਿੱਟੀ ਪੱਗ ਰੰਗਾ

**ਗੁਰਮੀਤ ਹਿਯਾਤਪੁਰੀ**

ਚਿੱਟੀ ਪੱਗ ਰੰਗਾ ਲੈ ਬਾਪੂ
ਚਿੱਟੀ ਪੱਗ ਰੰਗਾ
ਅੱਗੇ ਵਧੂ ਵਿਚਾਰਾਂ ਵਾਲਾ
ਪੱਗ ਨੂੰ ਰੰਗ ਲਵਾ...
ਚਿੱਟਾ ਰੰਗ ਉਂਜ ਅਮਨ ਦਾ ਚਿੰਨ ਹੈ
ਪਰ ਏਥੇ ਇਹਦਾ ਮਤਲਬ ਭਿੰਨ ਹੈ
ਚਿੱਟੀ ਪੱਗ ਕੁੜੀਆਂ ਲਈ ਡਰ ਹੈ
ਚਿੱਟੀ ਪੱਗ ਹੀ ਕੁੜੀਆਂ ਲਈ ਜਿੰਨ ਹੈ
ਚਿੱਟੀ ਪੱਗ ਤੋਂ ਸਹਿਮੀਆਂ ਕੁੜੀਆਂ
ਘੁੱਟੀ ਰੱਖਣ ਸਾਹ......
ਚਿੱਟੀ ਪੱਗ ਦੀ ਰੀਤ ਪੁਰਾਣੀ
ਢੂੰਡਣ ਜਾਵੇ ਧੀ ਦਾ ਹਾਣੀ
ਸਧਰਾਂ ਹੱਥ ਵਿਚੋਲੇ ਹੋਵਣ
ਆਸਾਂ ਉਤੇ ਫਿਰਦਾ ਪਾਣੀ
ਚਿੱਟੀ ਪੱਗ ਹੀ ਮੱਥੇ ਦਿੰਦੀ
ਮਨਖੱਟੂ ਵਰ ਲਾ......
ਚਿੱਟੀ ਪੱਗ ਇਹ ਹਾਮੀ ਭਰਦੀ
ਸੋ ਹੋਵੇ ਜੋ ਰੱਬ ਨੂੰ ਭਾਵੇ
ਚਿੱਟੀ ਪੱਗ ਹੀ ਬੇਰੁੱਤੇ ਫਲ
ਕਰਮ ਸਮਝ ਕੇ ਝੋਲੀ ਪਾਵੇ
ਜਦੋਂ ਕਿ ਜੋਬਨ ਰੁੱਤੇ ਹੁੰਦਾ
ਹਾਣ ਦੇ ਵਰ ਦਾ ਚਾਅ......
ਚਿੱਟੀ ਪੱਗ ਤੋਂ ਇਕ ਵਾਰ ਜੇ
ਕੋਈ ਦੇਵੇ ਕੌਲ ਕਰਾ
ਬਾਪੂ ਆਖੇ ਬਚਨ ਨਾ ਜਾਵੇ
ਬਾਕੀ ਸਾਨੂੰ ਨਹੀਂ ਪ੍ਰਵਾਹ
ਤਾਈਉਂ ਤੇ ਅੱਜ ਦਾਜ ਦੇ ਭੁੱਖੇ
ਜੀਂਦੀਆਂ ਦੇਣ ਜਲਾ......
ਖਾਨ ਦਾਨੀ ਚਿੱਟੀ ਪੱਗ ਆਖੇ
ਚੁੱਪ ਰਹਿ ਧੀਏ ਦਾਗ਼ ਨਾ ਲਾ
ਪਰ ਬਾਪੂ ਜੀ ਕਦ ਤੱਕ ਧੀਆਂ
ਸੜ 2 ਹੋਈ ਜਾਣ ਸਵਾਹ
ਹੁਣ ਤਾਂ ਸਭ ਭੈਣਾਂ ਨੇ ਰਲਕੇ
ਦੇਣਾ ਹੱਕ ਦਾ ਬਿਗੁਲ ਵਜਾ
ਤੂੰ ਵੀ ਰੰਗ ਲੁਆ ਲੈ ਬਾਪੂ
ਛੇਤੀ ਪੱਗ ਰੰਗਾ
ਅੱਗੇ ਵਧੂ ਵਿਚਾਰਾਂ ਵਾਲਾ
ਪੱਗ ਨੂੰ ਰੰਗ ਲਵਾ......

(ਇਸਤਰੀ ਦਿਵਸ ਨੂੰ ਸਮਰਪਤ)

**ਪੰਜਾਬ ਲੋਕ ਸਭਿਆਚਾਰ ਮੰਚ** ਸਲਾਨਾ ਸੂਬਾਈ ਸਥਾਪਨਾ ਦਿਵਸ, ਲੋਹੀਆਂ ਵਿਖੇ 3 ਅਪਰੈਲ 1988 ਐਤਵਾਰ, ਗੀਤ, ਸੰਗੀਤ ਅਤੇ ਨਾਟਕ ਸਮਾਗਮ, ਸਥਾਨ-ਸਰਕਾਰੀ ਹਾਈ ਸਕੂਲ ਲੋਹੀਆਂ, ਸਮਾਂ-ਸਵੇਰੇ 10 ਵਜੇ, ਪੁਜ ਰਹੀਆਂ ਟੀਮਾਂ
o ਅੰਮ੍ਰਿਤਸਰ ਸਕੂਲ ਆਫ ਡਰਾਮਾ o ਲੋਕ ਰੰਗ ਮੰਚ ਚੰਡੀਗੜ੍ਹ (ਡਾ. ਆਤਮਜੀਤ) o ਲੋਕ ਸੰਗੀਤ ਮੰਡਲੀ ਭਾਦੌੜ
ਅਮੋਲਕ ਸਿੰਘ ਪ੍ਰਧਾਨ — ਸਬਜਿੰਦਰ ਕੇਦਾਰ ਸਕੱਤਰ

# ਸਾਥੀ ਗੁਰਸ਼ਰਨ ਸਿੰਘ ਕਿਧਰ ਨੂੰ ?

**ਜਸਪਾਲ ਜੱਸੀ**

ਜਸਪਾਲ ਜੱਸੀ ਵਲੋਂ ਭੇਜੀ ਗਈ ਇਕ ਲਿਖਤ ਅਸੀਂ ਛਾਪ ਰਹੇ ਹਾਂ। ਕੁਝ ਗੱਲਾਂ ਮੈਂ ਬਿਲਕੁਲ ਸਾਫ ਕਰ ਦੇਣਾ ਚਾਹੁੰਦਾ ਹਾਂ। ਪਹਿਲੀ ਗੱਲ ਇਹ ਹੈ ਕਿ ਸਮਤਾ ਵਿਚ ਜੋ ਲਿਖਤ ਛਪਦੀ ਹੈ। ਉਹਨੂੰ ਇਨਕਲਾਬੀ ਕੇਂਦਰ ਪੰਜਾਬ ਦੀ ਤਰਜਮਾਨੀ ਕਰਦੀ ਨਾਂ ਸਮਝਿਆ ਜਾਏ। ਇਨਕਲਾਬੀ ਕੇਂਦਰ ਪੰਜਾਬ ਇਕ ਜਮਹੂਰੀ ਥੜਾ ਹੈ ਅਤੇ ਇਸਦਾ ਕਨਵੀਨਰ ਭਾਵੇਂ ਮੈਂ ਜ਼ਰੂਰ ਹਾਂ, ਪਰ ਅੱਜ ਦੀ ਪੰਜਾਬ ਦੀ ਸਥਿਤੀ ਬਾਰੇ ਜੋ ਮੇਰੀ ਜ਼ਾਤੀ ਰਾਏ ਹੈ, ਉਹ ਜ਼ਰੂਰੀ ਨਹੀਂ ਕਿ ਕੇਂਦਰ ਦੀਆਂ ਹੋਰ ਧਿਰਾਂ ਦੀ ਵੀ ਹੋਵੇ। ਮੇਰੀ ਜ਼ਾਤੀ ਰਾਏ ਹੈ ਕਿ ਸਾਡੀ ਇਨਕਲਾਬੀ ਧਿਰ ਦੇ ਬਹੁਤੇ ਕਾਰਕੁੰਨ ਭਾਰਤ ਵਿਚ ਜੋ ਸਿਆਸੀ ਵਰਤਾਰਾ ਚਲ ਰਿਹਾ ਹੈ, ਉਸ ਤੋਂ ਅਲੱਗ ਥਲੱਗ ਹੋ ਕੇ ਆਪਣੇ ਸਿਧਾਂਤ ਦੇ ਸਹੀ ਪੁਣੇ ਦੇ ਨਸ਼ੇ ਵਿਚ ਗਲਤਾਨ ਇਨਕਲਾਬੀ ਦਮਗਜਿਆਂ ਨਾਲ ਆਪਣੀ ਵੱਕਤ ਕੱਟੀ ਕਰਨਾ ਚਾਹੁੰਦੇ ਹਨ। ਅਸਲੀਅਤ ਕੀ ਹੈ. ਉਹਨਾਂ ਦੀ ਤਾਕਤ ਕੀ ਹੈ, ਲੋਕਾਂ ਦੀ ਚੇਤਨਾ ਕਿਸ ਪੜਾਅ ਤੇ ਹੈ, ਉਹਨਾਂ ਦਾ ਉਹਦੇ ਨਾਲ ਕੋਈ ਸੰਬੰਧ ਨਹੀਂ ਲੱਗਦਾ। ਜਸਪਾਲ ਜੱਸੀ ਦੀ ਇਹ ਲਿਖਤ ਉਸੇ ਮਾਨਸਕਤਾ ਦੀ ਦੇਣ ਹੈ। ਇਹ ਬਿਲਕੁਲ ਸਪਸ਼ਟ ਹੈ ਕਿ ਪੰਜਾਬ ਵਿਚ ਦੋ ਬੰਦੂਕਧਾਰੀ ਧਿਰਾਂ (ਖਾਲਿਸਤਾਨੀ ਅਤੇ ਸਰਕਾਰੀ) ਦੇ ਦਰਮਿਆਨ ਜੋ ਆਪਸੀ ਸੰਘਰਸ਼ ਜਾਂ ਲੈਣ ਦੇਣ ਚਲਦਾ ਪਿਆ ਹੈ, ਅਸੀ ਇਸ ਪੜਾਅ ਤੇ ਉਸ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਕਰ ਸਕਦੇ। ਜਸਪਾਲ ਜੱਸੀ ਜੇਕਰ 'ਸੰਘਰਸ਼' ਅਤੇ 'ਵਿਰੋਧਤਾ' ਦੇ ਸ਼ਬਦਾਂ ਵਿਚ ਫਰਕ ਨਹੀਂ ਸਮਝਦਾ ਅਤੇ ਇਹ ਖਿਆਲ ਕਰਦਾ ਹੈ ਕਿ 'ਹਿੱਟ ਲਿੱਸਟ' ਵਰਗੀ ਕਹਾਣੀ ਲਿਖਣ ਵਾਲਾ ਗੁਰਸ਼ਰਨ ਸਿੰਘ ਖਾਲਿਸਤਾਨੀਆਂ ਅਗੇ ਗੋਡੇ ਟੇਕ ਗਿਆ ਹੈ ਤਾਂ ਇਹ ਮੰਦ ਭਾਗੀ ਗਲ ਹੈ, ਮੈਂ ਚਾਹੁੰਦਾ ਹਾਂ ਕਿ ਸਮਤਾ ਦੇ ਪਾਠਕਾਂ ਜਿਥੇਂ ਮੇਰੀਆਂ ਲਿਖਤਾਂ ਪੜ੍ਹੀਆਂ ਹਨ, ਉਹ ਜਸਪਾਲ ਜੱਸੀ ਦੀ ਇਸ ਲਿਖਤ ਨੂੰ ਵੀ ਪੜਨ ਅਤੇ ਜੋ ਸਹੀ ਸਮਝਦੇ ਹਨ,ਉਸ ਤੋਂ ਅਗਵਾਈ ਲੈਣ। ਮੈਂ ਕਿਸੇ ਕਿਸਮ ਦੀ ਅਗਵਾਈ ਦੇਣ ਦਾ ਦਾਅਵਾ ਨਹੀਂ ਕਰਦਾ। ਇਨਕਲਾਬੀ ਕੇਂਦਰ ਦਾ ਵੱਡਾ ਮੰਤਵ ਇਨਕਲਾਬੀ ਧਿਰਾਂ ਲਈ ਵਿਚਾਰ ਵਟਾਂਦਰੇ ਅਤੇ ਕੁਝ ਸੀਮਤ ਹੱਦ ਤਕ ਸਾਂਝੇ ਐਕਸ਼ਨਾਂ ਲਈ ਥੜਾ ਮੁਹੀਯਾ ਕਰਨਾ ਹੈ। ਉਹ ਫਰਜ਼ ਮੈਂ ਇਹਦੇ ਕਨਵੀਨਰ ਦੀ ਹੈਸੀਅਤ ਵਿਚ ਆਪਣੀ ਯੋਗਤਾ ਅਨੁਸਾਰ ਨਿਭਾ ਰਿਹਾ ਹਾਂ। ਮੇਰਾ ਯਕੀਨ ਹੈ ਕਿ ਇਨਕਲਾਬੀ ਕੇਂਦਰ ਵਰਗੇ ਥੜੇ ਨੇ ਹੀ ਇਨਕਲਾਬੀਆਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦੀ ਇਤਿਹਾਸਕ ਭੂਮਿਕਾ ਨਿਭਾਉਣੀ ਹੈ। ਇਨਕਲਾਬੀ ਜਦੋਂ ਏਕਤਾ ਦੇ ਅਮਲ ਵਲ ਵਧਣਗੇ, ਤਾਂ ਹੀ ਉਹ ਭਾਰਤ ਦੇ ਸਿਆਸੀ ਵਰਤਾਰੇ ਵਿਚ ਕੋਈ ਅਸਰਦਾਇਕ ਦਖਲ ਅੰਦਾਜ਼ੀ ਕਰ ਸਕਣਗੇ। ਮੈਂ ਚਾਹਵਾਂਗਾ ਕਿ ਮੇਰੇ ਵਿਚਾਰਾਂ ਦੀ ਟਿਪਣੀ ਵੇਲੇ ਇਨਕਲਾਬੀ ਕੇਂਦਰ ਨੂੰ ਖਾਹਮਖਾਹ ਵਿਚ ਨਾਂ ਘਸੀਟਿਆ ਜਾਏ। ਆਖਰੀ ਗੱਲ ਇਹ ਵੀ ਕਹਿਣਾ ਚਾਹਵਾਂਗੀ ਕਿ ਇਨਕਲਾਬੀ ਯਥਾਰਥਵਾਦੀ ਹੁੰਦੇ ਹਨ, ਰੁਮਾਂਸਵਾਦੀ ਨਹੀਂ ਹੁੰਦੇ ਤੇ ਅਸਲੀਅਤ ਦੇ ਸਨਮੁੱਖ ਹੀ ਉਹਨਾਂ ਨੂੰ ਆਪਣੇ ਪੈਂਤੜੇ ਅਤੇ ਨੀਤੀਆਂ ਘੜਣੀਆਂ ਚਾਹੀਦੀਆਂ ਹਨ।/ਗੁਰਸ਼ਰਨ ਸਿੰਘ

## 1. ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਤਿਆਗਣ ਦਾ ਐਲਾਨ

ਖਾਲਸਤਾਨੀ ਦਹਿਸ਼ਤਗਰਦਾਂ ਪ੍ਰਤੀ ਅਪਣਾਏ ਨਰਮ-ਦਿਲ ਰਵੱਈਏ ਦੇ ਰਾਹ ਤੇ ਇਕ ਕਦਮ ਹੋਰ ਅੱਗੇ ਜਾਂਦਿਆਂ ਸਾਥੀ ਗੁਰਸ਼ਰਨ ਸਿੰਘ ਨੇ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ਼ ਸੰਘਰਸ਼ ਦੇ ਕਾਰਜ ਨੂੰ ਤਿਆਗ ਦੇਣ ਦਾ ਐਲਾਨ ਕਰ ਮਾਰਿਆ ਹੈ ਅਤੇ ਪੰਜਾਬ ਦੀਆਂ ਇਨਕਲਾਬੀ ਸ਼ਕਤੀਆਂ ਨੂੰ ਅਜਿਹਾ ਹੀ ਕਰਨ ਦੀ ਨਸੀਹਤ ਕੀਤੀ ਹੈ। ਉਨ੍ਹਾਂ ਦੀ ਇਹ ਨਸੀਹਤ 'ਸਮਤਾ' ਦੇ ਫਰਵਰੀ ਅੰਕ 'ਚ ਇਨ੍ਹਾਂ ਸਪੱਸ਼ਟ ਸ਼ਬਦਾਂ 'ਚ ਦਰਜ ਹੈ।

"ਖਾਲਸਤਾਨੀ ਦਹਿਸਤਗਰਦਾਂ ਦੀ ਪੂਰੀ ਨਿਖੇਧੀ ਹੋਣੀ ਚਾਹੀਦੀ ਹੈ—ਲੋਕ ਰਾਏ ਉਨ੍ਹਾਂ ਦੇ ਵਿਰੁਧ ਲਾਮਬੰਧ ਹੋਣੀ ਚਾਹੀਦੀ ਹੈ। **ਪਰ ਉਨ੍ਹਾਂ ਦੇ ਵਿਰੁਧ ਕੋਈ ਸਿੱਧਾ ਸੰਘਰਸ਼ ਕਰਨਾ ਬਣਦਾ ਨਹੀਂ; ਸਿੱਧਾ ਸੰਘਰਸ਼ ਸਟੇਟ ਦੇ ਵਿਰੁਧ ਹੀ ਲਾਮਬੰਦ ਹਣਾ ਚਾਹੀਦਾ ਹੈ......ਲੋਕ ਰਾਇ ਲਾਮਬੰਦ ਕਰਨਾ ਇਕ ਅਮਲ ਹੈ. ਸੰਘਰਸ਼ ਲਾਮਬੰਦ ਕਰਨਾ ਦੂਜਾ ਅਮਲ ਹੈ।** ਸਾਨੂੰ ਇਸ ਬਾਰੇ ਪੂਰਾ ਸਾਫ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਪੰਜਾਬ ਦੀ ਸਥਿਤੀ ਵਿਚ ਸਹੀਂ ਪੈਂਤੜਾ ਲੈ ਸਕਾਂਗੇ। **ਵਿਰੋਧ ਅਤੇ ਸੰਘਰਸ਼ ਦਾ ਫਰਕ ਸਮਝਣਾ ਬਹੁਤ ਜ਼ਰੂਰੀ ਹੈ।**" (ਸ਼ਬਦਾਂ ਤੇ ਜ਼ੋਰ ਸਾਡਾ)

ਸੋ ਸਾਥੀ ਗੁਰਸ਼ਰਨ ਸਿੰਘ ਮੁਤਾਬਕ ਹੁਣ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ "ਸੰਘਰਸ਼ ਲਾਮ-ਬੰਦ ਕਰਨ" ਦਾ ਅਮਲ ਚਲਾਉਣਾ "ਪੰਜਾਬ ਦੀ

ਸਥਿਤੀ ਵਿਚ ਸਹੀ ਪੈਂਤੜਾ" ਨਹੀਂ ਹੈ। ਇਨਕਲਾਬੀ ਸ਼ਕਤੀਆਂ ਵਲੋਂ ਅਜਿਹਾ "ਸੰਘਰਸ਼ ਕਰਨਾ ਬਣਦਾ ਨਹੀਂ।" ਪਰ ਕਿਉਂ ? ਕੀ ਖਾਲਸਤਾਨੀ ਦਹਿਸ਼ਤਗਰਦਾਂ ਨੇ ਲੋਕਾਂ ਦੇ ਜਮਹੂਰੀ ਹੱਕ ? ਅਤੇ ਬੇਗੁਨਾਹ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਝਪਟਣਾ ਤਿਆਗ ਦਿਤਾ ਹੈ ? ਕੀ ਉਨ੍ਹਾਂ ਨੇ ਪਿਛਾਖੜੀ ਹਿੰਸਾ ਦੇ ਜ਼ੋਰ ਲੋਕਾਂ 'ਤੇ ਫਿਰਕੂ ਫ਼ਾਸ਼ੀ ਰਾਜ ਮੜ੍ਹਨ ਦੀਆਂ ਕੋਸ਼ਿਸ਼ਾਂ ਤਿਆਗ ਦਿਤੀਆਂ ਹਨ ? ਜਾਂ ਕੀ ਉਨ੍ਹਾਂ ਖਿਲਾਫ਼ ਸੰਘਰਸ਼ ਕੀਤੇ ਬਗੈਰ ਹੀ ਲੋਕਾਂ ਖਾਤਰ ਅਪਨੇ ਜਾਨ ਮਾਲ ਦੀ ਰਾਖੀ ਕਰਨੀ ਸੰਭਵ ਹੋ ਗਈ ਹੈ ? ਕੀ ਖਾਲਸਤਾਨੀ ਦਹਿਸ਼ਤ-ਗਰਦਾਂ ਖਿਲਾਫ ਸੰਘਰਸ਼ ਦੇ ਕਾਰਜ ਨੂੰ ਛੱਡ ਕੇ ਅਤੇ ਸਿਰਫ ਸਟੇਟ ਖਿਲਾਫ ਸੰਘਰਸ਼ ਕਰਕੇ--ਖਾਲਸਤਾਨੀ ਦਹਿਸ਼ਤਗਰਦਾਂ ਦੀ ਫਿਰਕੂ ਪਿਛਾਖੜੀ ਹਿੰਸਾਂ ਨੂੰ ਠੱਲ੍ਹਿਆਂ ਜਾ ਸਕਦਾ ਹੈ ? "ਸਮਤਾ" ਦੇ ਮਾਰਚ ਅੰਕ 'ਚ ਗੁਰਸ਼ਰਨ ਹੋਰੀਂ ਖੁਦ ਲਿਖਦੇ ਹਨ ਕਿ ਕੋਈ ਸੰਘਰਸ਼ "ਜੇਕਰ ਜਨੂੰਨਵਾਦ ਦੇ ਨਾਂ ਤੇ ਲੜਿਆ ਜਾਏ... ਇਹੋ ਜਿਹਾ ਸੰਘਰਸ਼ ਫਲਸਫੇ ਦੇ ਸੰਦਰਭ ਵਿਚ ਫਾਸ਼ੀ ਰੁਚੀਆਂ ਰੱਖਦਾ ਹੈ, ਜਿਥੇ ਦੂਜਿਆਂ ਦੀ ਆਵਾਜ਼ ਗੋਲੀਆਂ ਨਾਲ ਬੰਦ ਕੀਤੀ ਜਾਂਦੀ ਹੈ।" ਕੀ ਖਾਲਸ-ਤਾਨੀ ਦਹਿਸ਼ਤਗਰਦਾਂ ਦਾ "ਸੰਘਰਸ਼" ਅਜਿਹਾ ਹੀ "ਫ਼ਾਸ਼ੀ ਰੁਚੀਆਂ" ਰੱਖਣ ਵਾਲਾ ਸੰਘਰਸ਼ ਨਹੀਂ ਹੈ ਤੇ ਕੀ ਇਹ "ਫ਼ਾਸ਼ੀ ਰੁਚੀਆਂ" ਸਿਰਫ ਫ਼ਲਸਫੇ ਖੇਤਰ ਤੱਕ ਸੀਮਤ ਨਾ ਰਹਿ ਕੇ ਹਕੀਕੀ ਫਾਸ਼ੀ ਕਾਰਵਾਈਆਂ ਦੇ ਰੂਪ 'ਚ ਪ੍ਰਗਟ ਨਹੀਂ ਹੋ ਰਹੀਆਂ ? ਕੀ "ਦੂਜਿਆਂ ਦੀ ਆਵਾਜ਼ ਗੋਲੀਆਂ ਨਾਲ ਬੰਦ" ਕਰਨ ਵਾਲੀ ਇਸ ਫਾਸ਼ੀ ਤਾਕਤ ਖਿਲਾਫ ਸੰਘਰਸ਼ ਦੇ ਕਾਰਜ ਦਾ ਤਿਆਗ ਕਰਕੇ ਲੋਕਾਂ ਲਈ ਅਪਨੇ ਜਾਨ ਮਾਲ ਤੇ ਜਮਹੂਰੀ ਹੱਕਾਂ ਦੀ ਰਾਖੀ ਸੰਭਵ ਹੋ ਸਕਦੀ ਹੈ।

ਅਮਲੀ ਜ਼ਿੰਦਗੀ ਦੀ ਹਕੀਕਤ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਦੀ ਲੋੜ ਬਾਰੇ ਮੂੰਹੋਂ ਬੋਲ ਰਹੀ ਹੈ। ਪਰ ਗੁਰਸ਼ਰਨ ਸਿੰਘ ਹੋਰੀਂ ਇਹਦੇ ਬਾਵਜੂਦ ਇਨਕਲਾਬੀ ਧਿਰ ਨੂੰ ਉਨ੍ਹਾਂ ਖਿਲਾਫ ਸੰਘਰਸ਼ ਤੋਂ ਵਰਜ ਰਹੇ ਹਨ। ਉਨ੍ਹਾਂ ਦੀ ਦਲੀਲ ਇਹ ਹੈ :

"ਪੰਜਾਬ ਵਿਚ ਇਸ ਵੇਲੇ ਜਿਹੜੀ ਕਤਲੋਗਾਰਤ ਹੋ ਰਹੀ ਹੈ, ਇਹ ਵੀ **ਸੌ ਫ਼ੀ ਸਦੀ ਭਾਰਤੀ ਸਟੇਟ ਦੀ ਹੀ ਦੇਣ ਹੈ**......ਹਕੂਮਤੀ ਦਹਿਸ਼ਤਗਰਦੀ ਨੂੰ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਇਕੋ ਪੱਧਰ ਤੇ ਨਹੀਂ ਲਿਆ ਜਾ ਸਕਦਾ। ਹਕੂਮਤੀ ਦਹਿਸ਼ਤਗਰਦੀ ਭਾਰਤੀ ਸਟੇਟ ਦਾ ਇਕ ਅਟੁਟਵਾਂ ਅੰਗ ਹੈ ਜਦੋਂ ਕਿ **ਖਾਲਿਸਤਾਨੀ ਦਹਿਸ਼ਤਗਰਦੀ ਇਸ ਸਟੇਟ ਦੇ ਅਮਲ ਦਾ ਪ੍ਰਤੀਕਰਮ ਹੈ**। ਭਾਵੇਂ ਇਹ ਪ੍ਰਤੀਕਰਮ ਸੌ ਫੀ ਸਦੀ ਗਲਤ ਕਿਹਾ ਜਾ ਸਕਦਾ ਹੈ। ਸਟੇਟ ਦਹਿਸ਼ਤਗਰਦੀ ਦੇ ਜ਼ੁੰਮੇਵਾਰਾਂ ਨੂੰ ਸਰਕਾਰੇ ਦਰਬਾਰੇ ਇਨਾਮ ਮਿਲਦੇ ਹਨ ਕਿ ਜਦੋਂ ਖਾਲਿਸਤਾਨੀ ਦਹਿਸ਼ਤ ਗਰਦਾਂ ਲਈ ਇਨਾਮ ਦੂਜੀ ਤਰ੍ਹਾਂ ਦੇ ਹਨ।" (ਸ਼ਬਦਾਂ ਤੇ ਜ਼ੋਰ ਸਾਡਾ)

ਅਸੀਂ ਸਾਥੀ ਗੁਰਸ਼ਰਨ ਸਿੰਘ ਤੋਂ ਇਹ ਪੁਛਣਾ ਚਾਹੁੰਦੇ ਹਾਂ ਕਿ ਕੀ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਫਿਰਕੂ ਫਾਸ਼ੀ ਕਿਰਦਾਰ ਅਤੇ ਸੋਚਣੀ ਦਾ, "ਫਲਸਫੇ ਦੇ ਸੰਦਰਭ 'ਚ" "ਦੂਜਿਆਂ ਦੀ ਆਵਾਜ਼ ਗੋਲੀਆਂ ਨਾਲ ਬੰਦ" ਕਰਨ ਦੀਆਂ ਉਨ੍ਹਾਂ ਦੀਆਂ "ਫਾਸ਼ੀ ਰੁਚੀਆਂ" ਦਾ ਪੰਜਾਬ ਦੀ ਕਤਲੋਗਾਰਤ ਨਾਲ ਕੋਈ ਸੰਬੰਧ ਨਹੀਂ ਹੈ ? ਜੇ ਹੈ ਤਾਂ ਇਹ ਕਤਲੋਗਾਰਤ **ਸੌ ਫੀ ਸਦੀ** ਭਾਰਤੀ ਸਟੇਟ ਦੀ ਹੀ ਦੇਣ" ਕਿਵੇਂ ਹੈ ? ਤੇ ਜੇ ਖਾਲਸਤਾਨੀ ਦਹਿਸ਼ਤਗਰਦਾਂ ਦੇ ਫਿਰਕੂ ਫਾਸ਼ੀ ਕਿਰਦਾਰ ਦਾ ਇਸ ਕਤਲੋਗਾਰਤ 'ਚ ਕੋਈ ਰੋਲ ਨਹੀਂ ਹੈ ਅਤੇ ਇਹ ਸੌ ਫੀ ਸਦੀ ਭਾਰਤੀ ਸਟੇਟ ਦੀ ਹੀ ਦੇਣ ਹੈ ਤਾਂ ਅਜੇ ਕੁਝ ਸਾਲ ਪਹਿਲਾਂ ਹੀ ਗੁਰਸ਼ਰਨ ਸਿੰਘ ਹੋਰੀਂ ਸੰਤ ਭਿੰਡਰਾਂ ਵਾਲੇ ਨੂੰ ਲੋਕਾਂ ਦੀ "ਹਿਟ ਲਿਸਟ" ਤੇ ਰੱਖਣ ਦਾ ਚੈਲੰਜ ਕਰਦੀਆਂ ਕਹਾਣੀਆਂ ਕਿਉਂ ਲਿਖ ਰਹੇ ਸਨ ?

ਇਹ ਗੱਲ ਸਹੀ ਹੈ ਕਿ ਹਕੂਮਤੀ ਦਹਿਸ਼ਤਗਰਦੀ ਖਾਲਸਤਾਨੀ ਦਹਿਸ਼ਤਗਰਦੀ ਦੇ **ਵਧਣ ਫੂਲਣ ਲਈ** ਜ਼ੁੰਮੇਵਾਰ ਹੈ। ਪਰ ਇਸਦਾ ਉਲਟ ਪੱਖ ਵੀ ਓਨਾ ਹੀ ਸਹੀ ਹੈ ਯਾਨੀ ਖਾਲਸਤਾਨੀ ਦਹਿਸ਼ਤਗਰਦੀ, ਹਕੂਮਤੀ ਦਹਿਸ਼ਤਗਰਦੀ ਦੇ ਵੱਧਣ-ਫੁੱਲਣ ਲਈ ਜ਼ੁੰਮੇਵਾਰ ਹੈ। ਪਰ ਇਸ ਦੋਵੇਂ ਕਿਸਮ ਦੀ ਦਹਿਸ਼ਤਗਰਦੀ ਚੋਂ ਕੋਈ ਵੀ **ਇਕ ਦੂਜੀ ਦੀ ਪੈਦਾਵਾਰ** ਨਹੀਂ ਹੈ। ਇਹ ਦੋਵੇਂ ਕਿਸਮ ਦੀ ਦਹਿਸ਼ਤਗਰਦੀ ਇਸ ਦੀ ਵਰਤੋਂ ਕਰ ਰਹੀਆਂ ਸ਼ਕਤੀਆਂ ਦੇ ਲੋਕ ਦੁਸ਼ਮਣ ਪਿਛਾਖੜੀ ਕਿਰਦਾਰ ਦੀ ਪੈਦਾਵਾਰ ਹੈ। ਇਹ ਗੱਲ ਯਾਦ ਰੱਖੀ ਜਾਣੀ ਚਾਹੀਦੀ ਹੈ ਕਿ ਜਦੋਂ ਪੰਜਾਬ ਅੰਦਰ ਸਿੱਖ ਦਹਿਸ਼ਤਗਰਦਾਂ ਵਲੋਂ ਫਿਰਕੂ ਕਤਲਾਂ ਦਾ ਸਿਲਸਿਲਾ ਆਰੰਭ ਹੋਇਆ ਸੀ—ਉਸ ਮੌਕੇ ਸਿੱਖ ਦਹਿਸ਼ਤਗਰਦਾਂ ਨੂੰ ਕਿਸੇ ਵਿਸ਼ੇਸ਼ ਹਕੂਮਤੀ ਜਬਰ ਦਾ ਸਾਹਮਣਾ ਨਹੀਂ ਸੀ, ਨਿਰੰਕਾਰੀ ਇਸਦੇ ਹੱਲੇ ਦਾ ਪਹਿਲਾ ਨਿਸ਼ਾਨਾ ਬਣੇ ਸਨ ਅਤੇ ਇਸ ਦਹਿਸ਼ਤਗਰਦੀ ਨੇ ਕਾਂਗਰਸੀ ਹਾਕਮਾਂ ਦੀ ਸ਼ਹਿ ਅਤੇ ਸਰਪ੍ਰਸਤੀ ਹੇਠ ਪ੍ਰਵਰਸ਼ ਪਾਈ ਸੀ। ਅੱਜ ਹਕੂਮਤੀ ਦਹਿਸ਼ਤਗਰਦੀ ਅਤੇ ਖਾਲਸਤਾਨੀ ਦਹਿਸ਼ਤਗਰਦੀ 'ਚੋਂ ਕਿਸੇ ਨੂੰ ਵੀ ਨਿਰਾਪੁਰਾ ਇਕ ਦੂਜੀ ਦੀ ਪ੍ਰਤੀਕਿਰਿਆ ਵਜੋਂ ਪੇਸ਼ ਕਰਨਾ—ਅਚੇਤਨ ਹੀ ਇਸਦੀ ਸਫਾਈ ਪੇਸ਼ ਕਰਨਾ ਹੈ। ਕਿਸੇ ਵਰਤਾਰੇ ਪ੍ਰਤੀ ਕਿਸੇ ਸਮਾਜਿਕ ਤਾਕਤ ਦਾ ਪ੍ਰਤੀਕਰਮ ਵੀ ਮਹਿਜ਼ ਉਸ

ਵਰਤਾਰੇ ਦੀ ਹੀ ਪੈਦਾਵਾਰ ਨਹੀਂ ਹੁੰਦਾ—ਇਸ ਸੰਬੰਧਤ ਤਾਕਤ ਦਾ ਜਮਾਤੀ ਕਿਰਦਾਰ ਫੈਸਲਾਕੁੰਨ ਤੌਰ 'ਤੇ ਨਿਰਧਾਰਤ ਕਰਦਾ ਹੈ। ਕੋਈ ਫਾਸ਼ੀ ਤਾਕਤ ਹੀ, ਹਕੂਮਤੀ ਜ਼ਬਰ ਦਾ ਜਵਾਬ' ਲੋਕਾਂ ਖਿਲਾਫ਼ ਫਾਸ਼ੀ ਕਾਰਵਾਈਆਂ ਜਾਂ ਹੱਲੇ ਦੇ ਰੂਪ 'ਚ ਦੇ ਸਕਦੀ ਹੈ ਅਤੇ ਕੋਈ ਲੋਕ ਦੁਸ਼ਮਣ ਜਾਬਰ ਹਕੂਮਤ ਹੀ ਕਿਸੇ 'ਫਿਰਕੂ ਤਾਕਤ ਦੀਆਂ ਹਿੰਸਕ ਕਾਰਵਾਈਆਂ ਦਾ ਜਵਾਬ' ਲੋਕਾਂ ਤੇ ਕਟਕ ਚਾੜ੍ਹਕੇ ਦੇ ਸਕਦੀ ਹੈ। ਇਸ ਤੋਂ ਵੀ ਅੱਗੇ ਲੋਕਾਂ ਖਾਤਰ ਮਹੱਤਵਪੂਰਣ ਗੱਲ ਆਪਣੇ ਹਿੱਤਾਂ ਅਤੇ ਜਮਹੂਰੀ ਹੱਕਾਂ ਦੀ ਰਾਖੀ ਕਰਨਾ ਹੈ—ਇਨ੍ਹਾਂ ਉੱਤੇ ਕਿਸੇ ਵੀ ਪਾਸਿਓਂ ਪੈ ਰਹੀਆਂ ਝਪਟਾਂ ਨੂੰ ਰੋਕਣਾ ਬਣਦਾ ਹੈ—ਜੇ ਪਲ ਦੀ ਪਲ ਇਹ ਗੱਲ ਝੂਠੀ ਮੂਠੀ ਫਰਜ਼ ਵੀ ਕਰ ਲਈ ਜਾਵੇ ਕਿ ਖਾਲਸਤਾਨੀ ਦਹਿਸ਼ਤ-ਗਰਦੀ ਨਿਰਾ ਸਟੇਟ ਦੇ ਅਮਲ ਦਾ ਪ੍ਰਤੀਕਰਮ ਹੈ ਤਾਂ ਵੀ ਅਮਲੀ ਪੱਧਰ 'ਤੇ ਇਸਦੀ ਮਾਰ ਤੋਂ ਆਪਣੀ ਰਖੀ ਲਈ ਸੰਘਰਸ਼ ਕਰਨਾ ਲੋਕਾਂ ਦਾ ਕਾਰਜ ਬਣਦਾ ਹੈ। ਕਿਸੇ ਹਲਕੇ ਕੁੱਤੇ ਨੂੰ ਇਸ ਕਰਕੇ ਲੋਕਾਂ ਦੇ ਬੇਲਗਾਮ ਬੁਰਕ ਭਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਇਹ ਵਿਚਾਰਾ ਤਾਂ ਕਿਸੇ ਹੋਰ ਹਲਕੇ ਕੁੱਤੇ ਦੇ ਵੱਢਣ ਕਰਕੇ ਹਲਕ ਗਿਆ ਹੈ।

ਜਿਥੋਂ ਤਕ ਇਸ ਦਲੀਲ ਦਾ ਸੰਬੰਧ ਹੈ ਕਿ "ਸਟੇਟ ਦਹਿਸ਼ਤਗਰਦੀ ਦੇ ਜ਼ੁੰਮੇਵਾਰਾਂ ਨੂੰ ਸਰਕਾਰੇ ਦਰਬਾਰੇ ਇਨਾਮ ਮਿਲਦੇ ਹਨ ਜਦੋਂ ਕਿ ਖਾਲਸਤਾਨੀ ਦਹਿਸ਼ਤਗਰਦਾਂ ਲਈ ਇਨਾਮ ਦੂਜੀ ਤਰ੍ਹਾਂ ਦੇ ਹਨ"—ਇਸ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਸਾਥੀ ਗੁਰਸ਼ਰਨ ਸਿੰਘ ਦੇ ਮੂੰਹੋਂ ਅਜਿਹੀ ਦਲੀਲ ਸ਼ੋਭਾ ਨਹੀਂ ਦਿੰਦੀ ! ਲੋਕ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਨਾ ਕਰਨ, ਕਿਉਂਕਿ ਉਨ੍ਹਾਂ ਵਿਚਾਰਿਆਂ ਨੂੰ ਤਾਂ ਪਹਿਲਾਂ ਹੀ ਨਿਰਦੋਸ਼ਾਂ ਦੇ ਕਤਲਾਂ ਲਈ ਪੁਲਸੀਆਂ ਵਾਂਗ ਸਰਕਾਰੇ ਦਰਬਾਰੇ ਇਨਾਮ ਨਹੀਂ ਮਿਲਦੇ ! ਇਹ ਹੈ ਜੋ ਸਾਥੀ ਗੁਰਸ਼ਰਨ ਸਿੰਘ ਹੋਰੀਂ ਇਨਕਲਾਬੀ ਧਿਰ ਨੂੰ ਦੱਸਣਾ ਚਾਹੁੰਦੇ ਨੇ !!

ਇਥੇ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਕਿਸੇ ਸਮਾਜਿਕ ਤਾਕਤ ਖਿਲਾਫ ਲੋਕਾਂ ਵਲੋਂ ਸੰਘਰਸ਼ ਦੀ ਲੋੜ ਨੂੰ ਇਹ ਗੱਲ ਨਿਰਧਾਰਤ ਨਹੀਂ ਕਰਦੀ ਕਿ ਇਹ ਹਕੂਮਤੀ ਜਬਰ ਦੀ ਸ਼ਿਕਾਰ ਹੈ ਜਾਂ ਨਹੀਂ—ਸਗੋਂ ਇਹ ਗੱਲ ਨਿਰਧਾਰਤ ਕਰਦੀ ਹੈ ਕਿ ਲੋਕਾਂ ਦੇ ਹਿਤਾਂ ਨਾਲ ਇਸ ਤਾਕਤ ਦਾ ਕੀ ਰਿਸ਼ਤਾ ਹੈ ਅਤੇ ਇਸ ਵਲੋਂ ਕਿਹੋ ਜਿਹਾ ਸਮਾਜੁਕ ਰੋਲ ਨਿਭਾਇਆ ਜਾ ਰਿਹਾ ਹੈ। ਰਾਜ ਭਾਗ ਦੀ ਵੰਡ ਲਈ ਪਿਛਾਂਹ ਖਿਚੂ ਜਮਾਤਾਂ ਦੇ ਆਪਸੀ ਭੇੜ ਅੰਦਰ ਰਾਜ ਮਸ਼ੀਨਰੀ ਦੀ ਵਰਤੋਂ ਕੋਈ ਅਲੋਕਾਰ ਵਰਤਾਰਾ ਨਹੀਂ ਹੈ ਅਤੇ ਇਹ ਕਿਸੇ ਸ਼ਕਤੀ ਦੇ ਕਿਰਦਾਰ ਅਤੇ ਰੋਲ ਦੇ ਲੋਕ ਦੁਸ਼ਮਣ ਨਾ ਹੋਣ ਦਾ ਸੰਕੇਤ ਨਹੀਂ ਬਣਦਾ।

ਜਿਥੋਂ ਤੱਕ ਖਾਲਸਤਾਨੀ ਦਹਿਸ਼ਤਗਰਦਾਂ ਨੂੰ ਆਪਣੀਆਂ ਕਾਲੀਆਂ ਕਰਤੂਤਾਂ ਦਾ "ਇੰਨਾਮ" ਨਾ ਮਿਲਣ ਦਾ ਸੁਆਲ ਹੈ ਇਸ "ਵਿਤਕਰੇ" ਦੇ ਦੂਰ ਹੋਣ ਦੇ ਵੀ ਆਸਾਰ ਨਜ਼ਰ ਆ ਰਹੇ ਹਨ।—ਇਹ "ਇਨਾਮ" ਅਜੇ ਤੱਕ ਇਸੇ ਵਜ੍ਹਾ ਕਰਕੇ ਨਹੀਂ ਮਿਲ ਸਕਿਆ ਕਿਉਂਕਿ ਪੰਜਾਬ ਅੰਦਰ ਆਪੋ ਆਪਣੀ ਕਾਲੀ ਕਮਾਈ ਦਾ "ਇਨਾਮ" ਮੰਗਣ ਵਾਲੀਆਂ ਕਿੰਨੀਆਂ ਹੀ ਪਿਛਾਖੜੀ ਧਿਰਾਂ 'ਚ ਸ਼ਰੀਕਾ ਭੇੜ ਚਲਦਾ ਆ ਰਿਹਾ ਹੈ। ਇਸ ਗੱਲ ਦੇ ਸੰਕੇਤ ਮਿਲ ਰਹੇ ਹਨ ਕਿ ਸਿੱਖ ਦਹਿਸ਼ਤਗਰਦਾਂ ਨੇ ਵਿਆਪਕ ਪੈਮਾਨੇ 'ਤੇ ਨਿਰਦੋਸ਼ਾਂ ਦੇ ਕਤਲਾਂ ਦੀਆਂ ਹਤਿਆਵਾਂ ਦੇ ਜ਼ੋਰ ਪੰਜਾਬ ਦੇ ਰਾਜ ਭਾਗ 'ਚ ਆਪਣੇ ਹਿੱਸੇ ਦਾ ਹੱਕ ਤਸਲੀਮ ਕਰਵਾ ਲਿਆ ਹੈ ਅਤੇ ਉਨ੍ਹਾਂ ਨਾਲ ਸੌਦੇਬਾਜ਼ੀ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਪਰ ਅਫਸੋਸ ਦੀ ਗੱਲ ਇਹ ਹੈ ਕਿ ਸਾਥੀ ਗੁਰਸ਼ਰਨ ਸਿੰਘ ਦੀ ਖੁਦ ਅਚੇਤਨ ਹੀ ਖਾਲਸਤਾਨੀ ਦਹਿਸ਼ਤਗਰਦਾਂ ਨੂੰ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਦਾ ਇਨਾਮ ਦਵਾਉਣ ਵਾਲਿਆਂ ਦੀ ਕਤਾਰ 'ਚ ਜਾ ਖੜ੍ਹੇ ਹਨ। "ਸਮਤਾ" ਦੇ ਮਾਰਚ ਅੰਕ 'ਚ ਸਾਥੀ ਗੁਰਸ਼ਰਨ ਸਿੰਘ ਹੋਰਾਂ ਨੇ ਪੰਜਾਬ ਮਸਲੇ ਦੇ ਹੱਲ ਲਈ ਗੋਲਮੇਜ਼ ਗੱਲਬਾਤ ਦੀ ਮੰਗ ਫਿਰ ਪੂਰੇ ਜ਼ੋਰ ਨਾਲ ਦੁਹਰਾਈ ਹੈ ਅਤੇ ਇਸ ਗੱਲ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਕਿ ਪੰਥਕ ਕਮੇਟੀ ਨੂੰ ਇਸ ਗੱਲਬਾਤ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ :

"ਉਨ੍ਹਾਂ ਨੂੰ (ਪੰਥਕ ਕਮੇਟੀ ਨੂੰ-ਲੇਖਕ) ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਪਿਛਲੇ 8-10 ਸਾਲਾਂ ਵਿਚ ਉਨ੍ਹਾਂ ਨੇ (ਭਾਵੇਂ ਕਿਸੇ ਤਰ੍ਹਾਂ ਵੀ) ਕਮਅਜ਼ਕਮ ਇਹ ਸਾਬਤ ਜ਼ਰੂਰ ਕਰ ਦਿਤਾ ਹੈ ਕਿ ਉਹ ਇਕ ਮਹੱਤਤਾ ਰੱਖਣ ਵਾਲੀ ਧਿਰ ਹਨ ਤੇ ਪੰਜਾਬ ਦੇ ਭਵਿੱਖ ਬਾਰੇ ਕਿਸੇ ਵੀ ਸਮਝੌਤੇ ਨੂੰ ਨੇਪਰੇ ਚਾੜ੍ਹਨ ਲਈ ਉਨ੍ਹਾਂ ਦੀ ਸਹਿਮਤੀ ਵੀ ਜ਼ਰੂਰੀ ਹੈ। ਦਲੀਲ ਇਹ ਦਿਤੀ ਜਾਂਦੀ ਹੈ ਕਿ ਇਸ ਤਰ੍ਹਾਂ ਹਿੰਸਕ ਕਾਰਵਾਈਆਂ ਵਿਚ ਵਾਧਾ ਹੋਵੇਗਾ। ਕਲ੍ਹ ਨੂੰ ਕੋਈ ਵੀ ਉੱਠ ਕੇ ਬੰਦੂਕਾਂ ਚੁੱਕ ਲਵੇਗਾ ਤੇ ਉਹਦੇ ਨਾਲ ਗੱਲਬਾਤ ਕਰਨੀ ਪਵੇਗੀ। ਦਲੀਲ ਠੀਕ ਕਹੀ ਜਾ ਸਕਦੀ ਹੈ ਪਰ ਜੋ ਅਸਲੀਅਤ ਹੈ ਉਹ ਮੰਨਣੀ ਪੈਂਦੀ ਹੈ। ਹੁਣ ਪੰਥਕ ਕਮੇਟੀ 'ਕੋਈ ਵੀ' ਵਾਲੇ ਵਿਸ਼ਲੇਸ਼ਣ ਅੰਦਰ ਨਹੀਂ ਆਉਂਦੀ। ਉਹਦੀ ਹੋਂਦ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।"

ਸੋ ਸਾਥੀ ਗੁਰਸ਼ਰਨ ਸਿੰਘ ਅਨੁਸਾਰ "ਪੰਥਕ ਕਮੇਟੀ" ਹੁਣ ਮਹੱਤਤਾ ਰੱਖਣ ਵਾਲੀ ਧਿਰ ਹੈ, ਕਿਉਂਕਿ "ਪਿਛਲੇ 8-10 ਸਾਲਾਂ 'ਚ" ਨਿਰਦੋਸ਼ ਲੋਕਾਂ ਦੇ ਕਤਲਾਂ ਦੇ ਜ਼ੋਰ ਉਸਨੇ ਆਪਣੀ ਮਹੱਤਤਾ ਦਰਸਾ ਦਿਤੀ ਹੈ, ਲੋਕਾਂ ਨੂੰ ਇਨ੍ਹਾਂ ਖੂਨੀ ਕਾਰਵਾਈਆਂ ਦੇ ਮੁਜਰਮ ਵਲੋਂ ਇਸਨੂੰ ਕਟਹਿਰੇ 'ਚ ਖੜ੍ਹੀ ਕਰਨ ਤੇ ਸਜ਼ਾ ਦੇਣ ਦੀ ਬਜਾਏ ਇਸਨੂੰ ਮਾਨਤਾ ਦੁਆਉਣ ਯਾਨੀ ਅਣਗਿਣਤ ਬੇਗੁਨਾਹਾਂ ਦੇ ਵਹਾਏ ਲਹੂ ਦਾ ਮੁੱਲ ਵਟਾਉਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ!

ਪੰਜਾਬ ਦੇ ਰਾਜ ਭਾਗ ਦੀ ਹਿੱਸੇਦਾਰੀ ਲਈ ਲੜ ਰਹੀਆਂ ਪਿਛਾਖੜੀ ਧਿਰਾਂ ਵਲੋਂ ਕਿਸੇ ਗੋਲਮੇਜ਼ ਗੱਲਬਾਤ ਰਾਹੀਂ ਕੀਤੀ ਜਾਣ ਵਾਲੀ ਸੌਦੇਬਾਜ਼ੀ ਪੰਜਾਬ ਮਸਲੇ ਦਾ ਹੱਲ ਨਹੀਂ ਕਰ ਸਕਦੀ। ਮੰਗਾਂ ਦੀ ਮੰਨ ਮਨੌਤੀ ਦੇ ਪਰਦੇ ਹੇਠ ਰਾਜ ਭਾਗ ਦੀ ਵੰਡ ਨੇ ਅਜਿਹੀ ਕਿਸੇ ਵੀ ਗੋਲਮੇਜ਼ ਗੱਲਬਾਤ ਦਾ ਮੂਲ ਮੁੱਦਾ ਬਣਨਾ ਹੈ। ਇਨਕਲਾਬੀ ਧਿਰਾਂ ਦਾ ਕੰਮ ਇਸ ਗੱਲਬਾਤ ਲਈ ਵਿਚੋਲਗਿਰੀ ਕਰਨਾ ਨਹੀਂ ਹੈ ਕਿ ਇਹ ਪਿਛਾਖੜੀ ਤਾਕਤਾਂ ਆਪਸੀ ਭੇੜ ਦਾ ਨਿਪਟਾਰਾ ਕਿਵੇਂ ਕਰਨ ਜਾਂ ਕਿਨ੍ਹਾਂ ਸੁਆਲਾਂ 'ਤੇ ਕਰਨ। ਲੋਕਾਂ ਲਈ ਅਸਲ ਸੁਆਲ ਇਹ ਹੈ ਕਿ ਇਨ੍ਹਾਂ ਪਿਛਾਖੜੀ ਧਿਰਾਂ ਨੂੰ ਆਪਸੀ ਭੇੜ 'ਚ ਲੋਕਾਂ ਨੂੰ ਯਰਗਮਾਲ ਵਜੋਂ ਵਰਤਣ ਤੋਂ ਰੋਕਿਆ ਜਾਵੇ। ਜਿਹੜਾ ਵੀ ਕੋਈ ਇਹ ਕਹਿੰਦਾ ਹੈ ਕਿ ਖਾਲਸਤਾਨੀ ਦਹਿਸ਼ਤਗਰਦਾਂ ਵਲੋਂ ਹੋ ਰਹੀਆਂ ਨਿਰਦੋਸ਼ ਲੋਕਾਂ ਦੀਆਂ ਹਤਿਆਵਾਂ ਰੋਕਣ ਲਈ ਉਨ੍ਹਾਂ ਨਾਲ ਗੱਲ ਬਾਤ ਕੀਤੀ ਜਾਣੀ ਚਾਹੀਦੀ ਹੈ—ਉਹ ਇਸ ਬੁਨਿਆਦੀ ਸੁਆਲ ਤੋਂ ਟਾਲਾ ਵੱਟਦਾ ਹੈ ਕਿ ਕਿਸੇ ਵੀ ਹਾਲਤ 'ਚ ਨਿਰਦੋਸ਼ ਲੋਕਾਂ ਦੇ ਕਤਲ ਕਰਨਾ ਖਾਲਸਤਾਨੀਆਂ ਦਾ ਹੱਕ ਕਿਵੇਂ ਹੈ ਅਤੇ ਲੋਕਾਂ ਦੀਆਂ ਜਾਨਾਂ ਦੀ ਰਾਖੀ ਦੇ ਇਸ ਸਵਾਲ ਨੂੰ ਹਕੂਮਤ ਨਾਲ ਹੋਣ ਵਾਲੇ ਕਿਸੇ ਸਮਝੌਤੇ ਨਾਲ ਕਿਉਂ ਜੋੜਿਆ ਜਾਵੇ? ਇਵੇਂ ਹੀ ਜੋ ਕੋਈ ਇਹ ਕਹਿੰਦਾ ਹੈ ਕਿ ਹਕੂਮਤ ਵਲੋਂ ਝੂਠੇ ਪੁਲਸ ਮੁਕਾਬਲੇ ਬੰਦ ਕਰਨ, ਨਿਰਦੋਸ਼ ਲੋਕਾਂ ਨੂੰ ਰਿਹਾ ਕਰਨ, ਜਾਂ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਤੇ ਜਾਣ ਲਈ। ਖਾਲਸਤਾਨੀ ਦਹਿਸ਼ਤਗਰਦਾਂ ਵਲੋਂ ਹਿੰਸਾ ਬੰਦ ਕਰਕੇ ਹਕੂਮਤ ਨਾਲ ਗੱਲ ਬਾਤ ਹੋਣੀ ਚਾਹੀਦੀ ਹੈ—ਉਹ ਇਸ ਬੁਨਿਆਦੀ ਸਵਾਲਾਂ ਤੋਂ ਟਾਲਾਂ ਵੱਟਦਾ ਹੈ ਕਿ ਝੂਠੇ ਪੁਲਸ ਮੁਕਾਬਲੇ ਬਣਾਉਣਾ, ਨਿਰਦੋਸ਼ਾਂ ਨੂੰ ਜੇਲ੍ਹੀ ਡੱਕ ਰੱਖਣਾ ਜਾਂ ਦੰਗੇਬਾਜ਼ਾਂ ਦੀ ਹਿਫਾਜ਼ਤ ਕਰਨਾ ਕਿਸੇ ਵੀ ਹਾਲਤਾਂ 'ਚ ਹਕੂਮਤ ਦਾ ਹੱਕ ਕਿਵੇਂ ਹੈ ਅਤੇ ਇਨ੍ਹਾਂ ਮਸਲਿਆਂ ਨੂੰ ਖਾਲਸਤਾਨੀ ਦਹਿਸ਼ਤਗਰਦਾਂ ਜਾਂ ਹੋਰਨਾਂ ਪਿਛਾਖੜੀ ਧਿਰਾਂ ਨਾਲ ਕਿਸੇ ਸਮਝੌਤੇ ਦੇ ਹੋਣ ਜਾਂ ਨਾਂ ਹੋਣ ਨਾਲ ਕਿਉਂ ਜੋੜਿਆ ਜਾਵੇ। ਜਿਹੜਾ ਕੋਈ ਇਹ ਕਹਿੰਦਾ ਹੈ ਕਿ ਹਕੂਮਤ ਅਤੇ ਹੋਰਨਾਂ ਵੱਖ 2 ਪਿਛਾਖੜੀ ਧਿਰਾਂ ਦੀ ਆਪਸੀ ਗੱਲ ਬਾਤ ਰਾਹੀਂ ਕਿਸੇ ਸਮਝੌਤੇ 'ਤੇ ਅੱਪੜਕੇ ਹੀ ਪੰਜਾਬ ਮਸਲਾ ਹੱਲ ਹੋ ਸਕਦਾ ਹੈ—ਉਹ ਇਸ ਬੁਨਿਆਦੀ ਸੁਆਲ ਤੋਂ ਟਾਲਾ ਵੱਟਦਾ ਹੈ ਕਿ ਇਨ੍ਹਾਂ ਸਭਨਾਂ ਧਿਰਾਂ ਨੂੰ ਆਪਸੀ ਸੁਆਰਥੀ ਸ਼ਰੀਕਾ ਭੇੜ ਦੀਆਂ ਲੋੜਾਂ ਤਹਿਤ ਫਿਰਕੂ ਪਾਟਕ, ਹਿੰਸਾ, ਜਬਰ ਅਤੇ ਬਦਅਮਨੀ ਨੂੰ ਹਵਾ ਦੇ ਕੇ ਲੋਕਾਂ ਦਾ ਘਾਣ ਕਰਵਾਉਣ ਦਾ ਕੀ ਹੱਕ ਹੈ। ਇਹ ਪਿਛਾਖੜੀ ਧਿਰਾਂ ਕੋਈ ਸਮਝੌਤਾ ਕਰਨ ਜਾਂ ਨਾ, ਇਨਕਲਾਬੀ ਧਿਰਾਂ ਦਾ ਸਰੋਕਾਰ ਇਨ੍ਹਾਂ ਵਲੋਂ ਆਪਣੇ ਪਿਛਾਖੜੀ ਭੇੜ 'ਚ ਲੋਕਾਂ ਦਾ ਘਾਣ ਕਰਨ ਦੇ ਅਮਲ ਨੂੰ ਠੱਲ੍ਹਣਾ ਅਤੇ ਇਨ੍ਹਾਂ ਹੱਥੋਂ ਲੋਕਾਂ ਨੂੰ ਬਲੈਕ ਮੇਲ ਕੀਤੇ ਜਾਣੋਂ ਰੋਕਣਾ ਹੈ। ਲੋਕ ਹਿੱਸਿਆਂ ਵਲੋਂ ਇਸ ਆਧਾਰ 'ਤੇ ਪੰਥਕ ਕਮੇਟੀ ਨੂੰ ਹਕੂਮਤ ਵਲੋਂ ਗੱਲ ਬਾਤ ਲਈ ਸੱਦਾ ਦੇਣ ਦੀ ਮੰਗ 'ਚ ਸ਼ਾਮਲ ਹੋਣ ਕਿ ਇਸਦੀ ਹਿੰਸਕ ਕਾਰਵਾਈਆਂ ਦੀ ਸਮਰਥਾ ਕਰਕੇ ਇਸਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ—ਬਲੈਕ ਮੇਲ ਦਾ ਸ਼ਿਕਾਰ ਹੋਣਾ ਅਤੇ ਭਵਿੱਖ 'ਚ ਵਖ ਵਖ ਪਿਛਾਖੜੀ ਧਿਰਾਂ ਵਲੋਂ ਲੋਕਾਂ ਨੂੰ ਇਉਂ ਬਲੈਕਮੇਲ ਕਰਨ ਦੀ ਖੇਡ ਜਾਰੀ ਰੱਖਣ ਲਈ ਹੌਂਸਲਾ ਬਖਸ਼ਣਾ ਹੈ। ਇਨਕਲਾਬੀ ਸ਼ਕਤੀਆਂ ਦੇ ਕਿਸੇ ਹਿਸੇ ਵਲੋਂ ਲੋਕਾਂ ਨੂੰ ਅਮਨਚੈਨ ਵਾਪਸ ਲੈ ਕੇ ਦੇਣ ਦੀਆਂ ਨੇਕ ਖਾਹਸ਼ਾਂ 'ਚੋਂ ਵੀ ਅਜਿਹੀ ਬਲੈਕਮੇਲ ਦੀ ਹਾਲਤ ਕਬੂਲ ਕਰ ਲੈਣਾ—ਸਮੂਹ ਲੋਕਾਂ ਦੇ ਹਿਤਾਂ ਲਈ ਬਹੁਤ ਮਹਿੰਗਾ ਸਾਬਤ ਹੋਵੇਗਾ।

ਇਸ ਪ੍ਰਸੰਗ 'ਚ ਸਾਥੀ ਗੁਰਸ਼ਰਨ ਸਿੰਘ ਹੋਰਾਂ ਦੀ ਸੁਹਿਰਦਤਾ ਦੇ ਬਾਵਜੂਦ, ਉਨ੍ਹਾਂ ਵਲੋਂ ਪੰਥਕ ਕਮੇਟੀ ਨੂੰ ਗੱਲ ਬਾਤ 'ਚ ਸ਼ਾਮਲ ਕਰਨ ਦੀ ਮੰਗ ਉਠਾਉਣਾ ਪੰਜਾਬ ਦੇ ਲੋਕਾਂ ਦੇ ਕਿਸੇ ਤਰ੍ਹਾਂ ਵੀ ਹਿੱਤ 'ਚ ਨਹੀਂ ਹੈ। ਇਕ ਪਾਸੇ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਸੰਘਰਸ਼ ਨਾ ਕਰਨ ਦੀਆਂ ਨਸੀਹਤਾਂ ਅਤੇ ਦੂਸਰੇ ਪਾਸੇ ਪੰਥਕ ਕਮੇਟੀ ਨੂੰ ਮਾਨਤਾ ਦੇਣ ਦੀ ਮੰਗ **ਬਾਹਰਮੁਖੀ ਤੌਰ 'ਤੇ** ਇਹ ਪੈਂਤਰਾ ਜਮਾਤੀ ਭਿਆਲੀ ਦਾ ਪੈਂਤਰਾ ਬਣਦਾ ਹੈ। ਨਾ ਸਿਰਫ ਅਸੀਂ ਸਾਥੀ ਗੁਰਸ਼ਰਨ ਸਿੰਘ ਹੋਰਾਂ ਨੂੰ ਇਸ ਪੈਂਤਰੇ ਦੇ ਅਰਥਾਂ ਦੀ ਪਛਾਣ ਕਰਨ ਦੀ ਅਤੇ ਇਸਤੇ ਮੁੜ ਗੌਰ ਕਰਨ ਦੀ ਅਪੀਲ ਕਰਦੇ ਹਾਂ—ਸਗੋਂ "ਇਨਕਲਾਬੀ ਕੇਂਦਰ" ਤੋਂ ਵੀ ਮੰਗ ਕਰਦੇ ਹਾਂ ਕਿ ਉਹ ਸਾਥੀ ਗੁਰਸ਼ਰਨ ਸਿੰਘ ਦੇ ਪੈਂਤਰੇ ਬਾਰੇ ਆਪਣੀ ਪੁਜੀਸ਼ਨ ਸਪਸ਼ਟ ਕਰੇ।

## 2. ਵੀ. ਪੀ. ਸਿੰਘ ਦੇ ਨਾਟਕ ਦਾ ਕੀਲਿਆ ਨਾਟਕਕਾਰ !

"ਸਮਤਾ" ਦੇ ਮਾਰਚ ਅੰਕ ਦੀ ਪਹਿਲੀ ਸੰਪਾਦਕੀ ਟਿੱਪਣੀ ਦੀ ਸੁਰਖੀ ਹੈ, "ਵੀ. ਪੀ. ਸਿੰਘ ਜਦੋਂ ਬੋਲਦਾ ਹੈ, ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਦਾ ਹੈ"।

ਸਾਥੀ ਗੁਰਸ਼ਰਨ ਸਿੰਘ ਹੋਰਾਂ ਦਾ ਮੱਤ ਹੈ ਕਿ "ਭਾਰਤ ਵਿਚ ਇਕ ਭ੍ਰਿਸ਼ਟ ਸਿਸਟਮ ਚਲ ਰਿਹਾ ਹੈ। ਇਸਨੂੰ ਨੰਗਾ ਕਰਨ 'ਚ ਵੀ. ਪੀ. ਸਿੰਘ ਬਹੁਤ ਵੱਡੀ ਭੂਮਿਕਾ ਨਿਭਾ ਰਿਹਾ ਹੈ।" ਉਨ੍ਹਾਂ ਨੇ ਵੀ. ਪੀ. ਸਿੰਘ ਦੇ ਵਿਚਾਰਾਂ ਨੂੰ ਜੀ ਆਇਆਂ ਕਹਿੰਦਿਆਂ ਇਸ ਗੱਲ ਨਾਲ ਸਹਿਮਤੀ ਜ਼ਾਹਰ ਕੀਤੀ ਹੈ ਕਿ ਵੀ. ਪੀ. ਸਿੰਘ ਸਮੇਤ "ਵਿਰੋਧੀ ਜਮਹੂਰੀ ਪਾਰਟੀਆਂ ਆਪਸ ਵਿਚ ਘਟੋ ਘਟ ਪ੍ਰੋਗਰਾਮ 'ਤੇ ਏਕਤਾ ਕਰਨ ਤੇ ਕਾਂਗ੍ਰਸ ਪਾਰਟੀ ਦਾ ਬਦਲ ਦੇਣ"। ਟਿੱਪਣੀ 'ਚ ਵੀ. ਪੀ. ਸਿੰਘ ਦੇ ਇਸ ਸੱਦੇ ਦਾ ਜ਼ੋਰਦਾਰ ਹੁੰਗਾਰਾ ਭਰਿਆ ਗਿਆ ਹੈ ਕਿ "ਆਓ! ਇਸ ਭ੍ਰਿਸ਼ਟ ਸਿਸਟਮ ਨੂੰ, ਇਸ ਭ੍ਰਿਸ਼ਟ ਪ੍ਰਧਾਨ ਮੰਤਰੀ ਨੂੰ ਬਦਲਣ ਲਈ ਸਾਰੇ ਇਕੱਠੇ ਹੋਈਏ" ਕਿਉਂਕਿ ਇਹ ਸਿਸਟਮ "ਮੁੱਖ ਤੌਰ ਤੇ ਕਾਂਗਰਸ ਪਾਰਟੀ ਦੀ ਦੇਣ ਹੈ" ਅਤੇ ਰਾਜੀਵ ਗਾਂਧੀ ਵਲੋਂ "ਭਾਰਤ ਦੀ ਜਮਹੂਰੀਅਤ ਲਈ ਇਕ ਵੱਡਾ ਖਤਰਾ ਹੋਂਦ 'ਚ ਆ ਗਿਆ", ਜਿਸਦਾ "ਅਗਲਾ ਕਦਮ ਫਾਸ਼ੀ ਤਾਨਾਸ਼ਾਹੀ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ।"

ਕਾਂਗਰਸੀ ਹਾਕਮਾਂ ਵਾਂਗ ਹੀ ਲੋਕ ਦੁਸ਼ਮਣ ਪਿਛਾਂਹ ਖਿਚੂ ਹਾਕਮ ਜਮਾਤਾਂ ਦੀ ਨੁਮਾਇੰਦਗੀ ਕਰਨ ਵਾਲੇ ਵੀ. ਪੀ. ਸਿੰਘ ਦੇ ਜਮਾਤੀ ਕਿਰਦਾਰ ਦੀ ਤਾਂ ਗੱਲ ਹੀ ਛੱਡੋ, ਟਿੱਪਣੀ ਚੋਂ ਇਸ ਗੱਲ ਦਾ ਵੀ ਕੋਈ ਸੰਕੇਤ ਤੱਕ ਨਹੀਂ ਮਿਲਦਾ ਕਿ ਟਿੱਪਣੀਕਾਰ ਵੀ. ਪੀ. ਸਿੰਘ ਅਤੇ ਲੋਕਾਂ ਦਰਮਿਆਨ ਵਖਰੇਵੇਂ ਦੀ ਕੋਈ ਪੋਲੀ ਪਤਲੀ ਲਕੀਰ ਵੀ ਖਿੱਚਣੀ ਚਾਹੁੰਦਾ ਹੈ।

"ਇਨਕਲਾਬੀ ਕੇਂਦਰ" ਦੇ ਕਨਵੀਨਰ ਦੀ ਕਲਮ ਤੋਂ ਲਿਖੀ ਇਹ ਟਿੱਪਣੀ ਹਾਕਮ ਜਮਾਤਾਂ ਦੇ ਸਿਆਸਤਦਾਨਾਂ ਦੀਆਂ ਚਾਲਾਂ ਅਤੇ ਦੰਭੀ ਕਿਰਦਾਰ ਤੋਂ ਉੱਕਾ ਹੀ ਅਣਜਾਣ, ਕਿਸੇ ਸਾਧਾਰਨ ਅਣਭੋਲ ਵਿਅਕਤੀ ਦੀ ਲਿਖਤ ਜਾਪਦੀ ਹੈ ਜਿਹੜਾ ਮਕਾਰ ਲੋਕ ਦੋਖੀ ਸਿਆਸਤਦਾਨਾਂ ਦੇ ਭਰਮਾਊ ਤੇ ਗੁਮਰਾਹ ਕਰੂ ਭਾਸ਼ਣਾਂ ਨਾਲ ਹੀ ਚੁੰਧਿਆ ਜਾਂਦਾ ਹੈ।

ਗੁਰਸ਼ਰਨ ਸਿੰਘ ਹੋਰਾਂ ਨੇ "ਇਨਕਲਾਬੀ ਕੇਂਦਰ" ਦੇ ਕਨਵੀਨਰ ਵਜੋਂ ਪੰਜਾਬ ਦੀਆਂ ਇਨਕਲਾਬੀ ਸ਼ਕਤੀਆਂ ਦੇ ਘਟੋ ਘਟ ਇਕ ਹਿੱਸੇ ਦੀ ਅਗਵਾਈ ਕਰਨ ਦੀ ਖਾਸੀ ਵੱਡੀ ਜ਼ੁੰਮੇਵਾਰੀ ਆਪਣੇ ਮੋਢਿਆਂ 'ਤੇ ਲਈ ਹੋਈ ਹੈ। ਉਨ੍ਹਾਂ ਵਲੋਂ ਇਸ ਸੁਆਲ 'ਤੇ ਟਪਲਾਂ ਖਾ ਜਾਣਾ ਸਮਝ ਆ ਸਕਦੀ ਸੀ ਕਿ ਵੀ. ਪੀ. ਸਿੰਘ ਜਾਂ ਕਾਂਗਰਸ ਵਿਰੋਧੀ ਹਾਕਮ ਜਮਾਤੀ ਪਾਰਟੀਆਂ ਦੇ ਕਿਸੇ ਧੜੇ ਪ੍ਰਤੀ ਇਨਕਲਾਬੀ ਸ਼ਕਤੀਆਂ ਦਾ ਨੀਤੀ ਪੈਂਤੜਾ ਕੀ ਹੋਵੇ। ਟਪਲਾ ਹੋਣ ਦੇ ਬਾਵਜੂਦ ਇਹ ਕਿਸੇ ਸਿਆਸੀ ਸਖਸ਼ੀਅਤ ਜਾਂ ਸ਼ਕਤੀਆਂ ਵਲੋਂ ਨੀਤੀ-ਪੈਂਤੜਾ ਅਖਤਿਆਰ ਕਰਨ 'ਚ ਟਪਲੇ ਦਾ ਮਾਮਲਾ ਹੋਣਾ ਸੀ। ਪਰ ਗੁਰਸ਼ਰਨ ਸਿੰਘ ਹੋਰਾਂ ਨੇ ਵੀ. ਪੀ. ਸਿੰਘ ਅਤੇ ਉਸਦੇ ਮੌਕਾਪ੍ਰਸਤ ਲੰਗ ਲਾਣੇ ਦੀ ਜਮਾਤੀ ਖਸਲਤ ਨੂੰ ਬੁੱਝਣ 'ਚ ਹੀ ਜਿਸ ਅਣਜਾਣਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਜਿਵੇਂ ਉਹ ਇਕ ਮਕਾਰ ਬੁਰਜੂਆ ਸਿਆਸਤਦਾਨ ਦੀਆਂ ਸਪੀਚਾਂ ਤੋਂ ਪ੍ਰਭਾਵਿਤ ਹੋਏ ਹਨ—ਇਹ ਗੱਲ ਨਾ ਸਿਰਫ ਹਜ਼ਮ ਕਰਨੀ ਮੁਸ਼ਕਲ ਜਾਪਦੀ ਹੈ—ਸਗੋਂ "ਇਨਕਲਾਬੀ ਕੇਂਦਰ" ਦੀ ਹੋਣੀ ਬਾਰੇ ਵੀ ਖਾਸੀ ਫਿਕਰਮੰਦੀ ਜਗਾਉਣ ਵਾਲੀ ਹੈ।

ਸੋ ਇਹ ਜ਼ਰੂਰੀ ਹੋ ਗਿਆ ਹੈ ਕਿ ਕੁਝ ਬਹੁਤ ਹੀ ਮੋਟੇ ਜਿਹੇ ਸਵਾਲ ਜਿਹੜੇ ਇਨਕਲਾਬੀ ਸ਼ਕਤੀਆਂ ਨੂੰ ਸਾਧਾਰਨ ਲੋਕਾਂ ਸਾਹਮਣੇ ਉਭਾਰਨੇ ਬਣਦੇ ਹਨ, ਸਾਥੀ ਗੁਰਸ਼ਰਨ ਸਿੰਘ ਹੋਰਾਂ ਸਾਹਮਣੇ ਵੀ ਉਭਾਰੇ ਜਾਣ ਅਤੇ ਅੱਜ ਦੀ ਹਾਲਤ 'ਚ ਲੋਕਾਂ ਨੂੰ ਯਾਦ ਕਰਾਉਣੀਆਂ ਬਣਦੀਆਂ ਕੁਝ ਉਘੜਵੀਆਂ ਤਲਖ ਹਕੀਕਤਾਂ ਸਾਥੀ ਗੁਰਸ਼ਰਨ ਸਿੰਘ ਹੋਰਾਂ ਨੂੰ ਵੀ ਯਾਦ ਕਰਾਈਆਂ ਜਾਣ।

ਲੋਕਾਂ ਨੂੰ ਭ੍ਰਿਸ਼ਟਾਚਾਰ ਰਹਿਤ ਸਾਫ ਸੁਥਰਾ ਪ੍ਰਬੰਧ ਦੇਣ ਦੇ ਅਮੂਰਤ ਨਾਅਰਿਆਂ ਨਾਲ ਲੋਕਾਂ ਨੂੰ ਗੁਮਰਾਹ ਕਰਨ ਦੀ ਜਿਹੜੀ ਖੇਡ ਅੱਜ ਵੀ. ਪੀ. ਸਿੰਘ ਖੇਡਣੀ ਚਾਹੁੰਦਾ ਹੈ। ਇਹ ਕੋਈ ਨਵੀਂ ਖੇਡ ਨਹੀਂ ਹੈ। 1974 'ਚ ਵੀ ਹਾਕਮ ਜਮਾਤਾਂ ਦੇ ਇਕ ਹਿੱਸੇ ਨੇ ਭ੍ਰਿਸ਼ਟਾਚਾਰ ਤੇ ਮਹਿੰਗਾਈ ਹਟਾਉਣ ਦੇ ਵਰਗੇ ਬੇਨਕਸ਼ ਨਾਅਰਿਆਂ ਰਾਹੀਂ ਲੋਕ ਦੋਖੀ ਕਾਂਗਰਸ ਹਕੂਮਤ ਖਿਲਾਫ ਲੋਕਾਂ ਦੀ ਨਫਰਤ ਨੂੰ ਆਪਣੇ ਹਿਤਾਂ ਲਈ ਵਰਤਿਆ ਸੀ। ਅਤੇ 1977 ਦੀਆਂ ਪਾਰਲੀਮਾਨੀ ਚੋਣਾਂ ਰਾਹੀਂ ਗੱਦੀਆਂ ਹਾਸਲ ਕੀਤੀਆਂ ਸਨ। ਪਰ ਜੰਤਾ ਪਾਰਟੀ ਦੀ ਹਕੂਮਤ ਦੌਰਾਨ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਸਮਾਜਿਕ ਜ਼ਬਰ ਜਿਵੇਂ ਮਿਰਗ-ਚੁੰਗੀਆਂ ਭਰੀਆਂ, ਜਿਵੇਂ ਮਿਹਨਤਕਸ਼ ਲੋਕਾਂ ਦੇ ਆਰਥਿਕ ਹਿਤ ਦਰੜੇ ਗਏ, ਜਿਵੇਂ ਜਮਹੂਰੀਅਤ ਦੇ ਨਾਅਰੇ ਹੇਠ ਗੱਦੀ ਤੇ ਆਈ ਇਸ ਹਕੂਮਤ ਵਲੋਂ ਲੋਕਾਂ ਦੇ ਜਮਹੂਰੀ ਹੱਕਾਂ 'ਤੇ ਰੋਲਰ ਫੇਰਿਆ ਗਿਆ ਅਤੇ ਹੌਲਨਾਕ ਖੂਨੀ ਸਾਕੇ ਰਚਾਉਣ ਦੇ ਨਵੇਂ ਰਿਕਾਰਡ ਕਾਇਮ ਕੀਤੇ ਗਏ ਇਸ ਬਾਰੇ ਕਿਸੇ ਟਿੱਪਣੀ ਦੀ ਜ਼ਰੂਰਤ ਨਹੀਂ ਹੈ। ਅੱਜ ਵੀ. ਪੀ. ਸਿੰਘ ਜਿਨ੍ਹਾਂ "ਜਮਹੂਰੀ ਪਾਰਟੀਆਂ" ਨੂੰ ਕਾਂਗਰਸ ਖਿਲਾਫ 'ਕੱਠੀਆਂ ਕਰਨ ਨੂੰ ਫਿਰਦਾ ਹੈ ਅਤੇ ਗੁਰਸ਼ਰਨ ਸਿੰਘ ਹੋਰੀਂ ਜਿਨ੍ਹਾਂ ਨੂੰ 'ਕੱਠੀਆਂ

ਕਰਨ ਦੀ ਪ੍ਰੇਰਣਾ ਕਰ ਰਹੇ ਹਨ—ਉਨ੍ਹਾਂ 'ਚੋਂ ਬਹੁਤੀਆਂ ਇਸੇ ਜੰਤਾ ਪਾਰਟੀ ਦੇ ਬਿਖਰੇ ਅੰਗ ਹਨ।

ਵੀ. ਪੀ. ਸਿੰਘ ਦਾ ਆਪਣਾ ਜਮਾਤੀ ਕਿਰਦਾਰ ਵੀ ਲੁਕਿਆ ਹੋਇਆ ਨਹੀਂ ਹੈ। ਉਹ ਹੁਣ ਤਕ 'ਭ੍ਰਿਸ਼ਟ ਸਿਸਟਮ' ਦੀ "ਮੁਖ ਜ਼ੁੰਮੇਵਾਰ" ਕਾਂਗਰਸ ਦਾ ਹੀ ਅੰਗ ਰਿਹਾ ਹੈ। ਬਹੁ ਕੌਮੀ ਕੰਪਨੀਆਂ, ਦੇਸੀ ਵੱਡੇ ਸਰਮਾਏਦਾਰਾਂ ਅਤੇ ਬਦੇਸ਼ੀ ਸਾਮਰਾਜੀਆਂ ਨੂੰ ਵੱਡੀਆਂ ਰਿਆਇਤਾਂ ਬਖਸ਼ਣ ਵਾਲੇ ਕਾਂਗਰਸੀ ਬਜਟ ਉਸਦੇ ਹੱਥੀਂ ਪਾਸ ਹੁੰਦੇ ਰਹੇ ਹਨ। ਦਿੱਲੀ ਦੰਗਿਆਂ ਦੌਰਾਨ ਨਿਰਦੋਸ਼ ਲੋਕਾਂ ਦੇ ਵਿਆਪਕ ਕਤਲੇਆਮ ਸਮੇਂ ਉਹ ਕਾਂਗਰਸ ਹਕੂਮਤ ਦਾ ਅੰਗ ਸੀ ਅਤੇ ਫਿਰਕੂ ਪੁੱਠ ਵਾਲੀ ਅੰਨ੍ਹੀ-ਕੌਮਪ੍ਰਸਤੀ ਭੜਕਾਕੇ ਕਾਂਗਰਸ ਵਲੋਂ ਹਾਸਲ ਕੀਤੀ ਹਕੂਮਤੀ ਗੱਦੀ 'ਤੇ ਜਨਵਰੀ 85 'ਚ ਪਲਾਕੀ ਮਾਰ ਕੇ ਬੈਠਣ ਵਾਲਿਆਂ 'ਚ ਮੋਹਰੀ ਸੀ। ਉਹ ਦਹਿਸ਼ਤਗਰਦੀ ਰੋਕੂ ਕਾਨੂੰਨ ਪਾਸ ਕਰਕੇ, ਕਾਂਗਰਸੀ ਹਾਕਮਾਂ ਵਲੋਂ ਮੁਲਕ ਦੇ ਲੋਕਾਂ ਦੇ ਜਮਹੂਰੀ ਹੱਕਾਂ 'ਤੇ ਕੁਹਾੜਾ ਵਾਹੁਣ ਦੇ ਕਦਮ 'ਚ ਵੀ ਸ਼ਰੀਕ ਸੀ। ਉਸ ਦੁਆਲੇ ਜੁੜੇ ਮੌਕਾਪ੍ਰਸਤ ਲੁੰਗਲਾਣੇ ਦੀ ਇਕ ਅਹਿਮ ਸ਼ਖਸ਼ੀਅਤ ਵੀ. ਪੀ. ਸ਼ੁਕਲਾ ਵਲੋਂ ਐਮਰਜੈਂਸੀ ਦੇ ਫਾਸ਼ੀ ਵਾਰ ਸਮੇਂ ਇੰਦਰਾ ਜੁੰਡੀ ਦੇ ਉੱਘੇ-ਵਫਾਦਾਰ ਲੈਫਟੈਨ ਵਲੋਂ ਨਿਭਾਇਆ ਰੋਲ ਕਿਸੇ ਤੋਂ ਗੁੱਝਾ ਨਹੀਂ ਹੈ। ਕਾਂਗਰਸ ਪਾਰਟੀ ਵਲੋਂ ਅਮਰੀਕੀ ਬਹੁਕੌਮੀ ਕੰਪਨੀ ਯੂਨੀਅਨ ਕਾਰਬਾਈਡ ਕੋਲੋਂ 25-25 ਕਰੋੜ ਦੀਆਂ ਭਾਰੀ ਰਕਮਾਂ ਹਾਸਲ ਕਰਕੇ-ਇਸਨੂੰ ਆਪਣਾ ਖਤਰਨਾਕ ਕਾਰਖਾਨਾ ਚਾਲੂ ਰੱਖਣ ਦੀ ਇਜਾਜ਼ਤ ਦਿਤੀ ਗਈ, ਇਹ ਗੱਲ ਭਿਅੰਕਰ ਭੂਪਾਲ ਗੈਸ ਕਾਂਡ ਦੀ ਵਜ੍ਹਾ ਬਣੀ। ਪਰ ਵੀ. ਪੀ. ਸਿੰਘ ਨੇ ਉਦੋਂ 'ਜ਼ਮੀਰ ਦੀ ਆਵਾਜ਼' ਸੁਣਨ ਨਾਲੋਂ, ਕਾਂਗਰਸੀ ਟਿਕਟ 'ਤੇ ਚੋਣ ਲੜ ਕੇ ਮਨਿਸਟਰੀ ਹਾਸਲ ਕਰਨ ਨੂੰ ਤਰਜੀਹ ਦਿਤੀ ਕਿਉਂ ਕਿ ਇਹ ਫਿਰਕੂ ਜਨੂੰਨ ਅਤੇ ਅੰਨ੍ਹੇ ਕੌਮੀ ਜਨੂੰਨ ਦੀ ਤਰੰਗ 'ਤੇ ਸਵਾਰ ਹੋ ਕੇ ਹਕੂਮਤੀ ਗੱਦੀ ਹਾਸਲ ਕਰਨ ਦਾ ਲਭਾਉਣਾ ਮੌਕਾ ਸੀ। ਹੈਰਾਨੀ ਦੀ ਗੱਲ ਹੈ ਕਿ ਸਾਥੀ ਗੁਰਸ਼ਰਨ ਸਿੰਘ ਜੀ ਅਜੇ ਵੀ ਇਸ ਦੰਭੀ ਮੌਕਾਪ੍ਰਸਤ ਸਿਆਸਤਦਾਨ ਵਲੋਂ ਸਸਤੀ ਮਹਿਮਾਂ ਖੱਟਣ ਲਈ ਕੀਤੇ ਜਾ ਰਹੇ ਸਰਮਾਏਦਾਰਾਂ ਕੋਲੋਂ ਚਣ-ਫੰਡ ਹਾਸਲ ਨਾ ਕਰਨ ਦੇ ਐਲਾਨਾਂ ਤੋਂ ਇਸ ਕਦਰ ਪ੍ਰਭਾਵਤ ਹਨ!

ਜੇ, ਇਨ੍ਹਾਂ ਤਲਖ ਹਕੀਕਤਾਂ ਦੇ ਬਾਵਜੂਦ ਗੁਰਸ਼ਰਨ ਸਿੰਘ ਹੋਰਾਂ ਨੂੰ, ਭਗਵੇਂ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਵੀ. ਪੀ. ਸਿੰਘ ਦੀ ਦੰਭੀ ਕੋਸ਼ਿਸ਼ ਚੋਂ "ਲੋਕਾਂ ਦੇ ਜਜ਼ਬਾਤਾਂ ਦੀ ਤਰਜ਼ਮਾਨੀ" ਨਜ਼ਰ ਆਉਂਦੀ ਹੈ, ਰਾਜੀਵ ਤੇ ਵੀ. ਪੀ. ਸਿੰਘ 'ਚ ਚੋਰ 'ਤੇ ਸਾਧ ਜਿੰਨਾ ਫਰਕ ਨਜ਼ਰ ਆਉਂਦਾ ਹੈ, ਉਸ ਨਾਲ ਰਲਕੇ "ਭ੍ਰਿਸ਼ਟ ਸਿਸਟਮ ਦਾ ਬਦਲ" ਮੁਹੱਈਆ ਕਰਨ ਦੀ ਯਕੀਨ ਵਰਗੀ ਆਸ ਦਿਖਾਈ ਦਿੰਦੀ ਹੈ ਅਤੇ ਐਮਰਜੈਂਸੀ ਤੋਂ ਲੈ ਕੇ ਦਹਿਸ਼ਤਗਰਦੀ ਰੋਕੂ ਐਕਟ ਤੱਕ ਲੋਕਾਂ ਦੇ ਜਮਹੂਰੀ ਹੱਕਾਂ 'ਤੇ ਹੋਏ ਹਰ ਵਾਰ 'ਚ ਸ਼ਰੀਕ ਰਿਹਾ ਇਹ ਟੋਲਾ ਮੁਲਕ ਨੂੰ 'ਤਾਨਾਸ਼ਾਹੀ' ਤੋਂ ਬਚਾਉਣ ਦੇ ਸਮਰੱਥ ਨਜ਼ਰ ਆਉਂਦਾ ਹੈ ਤਾਂ ਇਹ ਮੰਨਣਾ ਪਵੇਗਾ ਕਿ ਮੌਕਾਪ੍ਰਸਤ ਹਾਕਮ ਜਮਾਤੀ ਸਿਆਸਤਦਾਨਾਂ 'ਚ ਅਜੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਕਾਫੀ ਤੱਤ ਬਾਕੀ ਹੈ।

ਗੁਰਸ਼ਰਨ ਸਿੰਘ ਹੋਰੀਂ ਵੀ. ਪੀ. ਸਿੰਘ ਦੀ ਜਿਸ "ਅਹਿਮ ਭੂਮਿਕਾ" ਨਾਲ ਕੀਲੇ ਗਏ ਹਨ, ਇਹ ਹਕੀਕਤ ਨਹੀਂ ਹੈ, ਲੋਕਾਂ ਨੂੰ ਗੁੰਮਰਾਹ ਕਰਨ ਲਈ ਲੋਕ-ਦੋਖੀ ਸਿਆਸਤਦਾਨਾਂ ਵਲੋਂ ਰਚਾਏ ਜਾ ਰਹੇ ਨਾਟਕ ਦਾ ਹਿੱਸਾ ਹੈ।

o

## ਇਨਕਲਾਬੀ ਕਮਿਊਨਿਸਟ ਕੇਂਦਰ, ਭਾਰਤ (ਮ. ਲ.) ਵਲੋਂ ਪ੍ਰੈਸ ਬਿਆਨ

ਇਨਕਲਾਬੀ ਕਮਿ: ਕੇਂਦਰ, ਭਾਰਤ (ਮ. ਲ.) ਦੇ ਸਕੱਤਰ ਕਾ: ਰਣਜੀਤ ਵਲੋਂ ਪ੍ਰੈਸ ਲਈ ਜਾਰੀ ਕੀਤੇ ਇਕ ਫੌਰੀ ਬਿਆਨ ਵਿਚ ਖਾਲਿਸਤਾਨੀ ਕੱਟੜਪੰਥੀਆਂ ਵਲੋਂ ਇਨਕਲਾਬੀ ਜਮਹੂਰੀ ਲਹਿਰ ਦੇ ਇਕ ਹੋਰ ਉਘੇ ਘੁਲਾਟੀਏ ਜੈਮਲ ਪੱਡਾ ਦੇ ਵਹਿਸ਼ੀ ਕਤਲ ਉਤੇ ਡੂੰਘੇ ਦੁਖ ਅਤੇ ਗੁੱਸੇ ਦਾ ਪ੍ਰਗਟਾਵਾ ਕਰਦਿਆਂ, ਇਸ ਦੀ ਜ਼ੋਰਦਾਰ ਨਿੰਦਾ ਕੀਤੀ ਗਈ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਖਾਲਿਸਤਾਨੀ ਕੱਟੜਪੰਥੀਆਂ ਨੇ ਇਕ ਹੋਰ ਘੋਰ ਖੂੰਨੀ ਅਪਰਾਧ ਕਰਕੇ, ਆਪਣੇ ਹੱਥ ਅਜਿਹੇ ਖੂਨ ਨਾਲ ਹੋਰ ਲੱਥ ਪੱਥ ਕਰ ਲਏ ਹਨ, ਜਿਸਦੀ ਮੋੜਵੀਂ ਕੀਮਤ ਉਨ੍ਹਾਂ ਨੂੰ ਅਵੱਸ਼ ਹੀ ਚੁਕਾਉਣੀ ਪਵੇਗੀ। ਕਾਮਰੇਡ ਰਣਜੀਤ ਨੇ ਇਸ ਕਤਲ ਨੂੰ ਪੰਜਾਬ ਵਿਰੋਧੀ, ਕਿਸਾਨ ਵਿਰੋਧੀ ਅਤੇ ਇਨਕਲਾਬੀ ਜਮਹੂਰੀ ਲਹਿਰ ਵਿਰੋਧੀ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਤੋਂ ਇਹ ਗੱਲ ਹੋਰ ਵੱਧ ਚੰਗੀ ਤਰ੍ਹਾਂ ਸਾਬਤ ਹੋ ਗਈ ਹੈ ਕਿ ਖਾਲਿਸਤਾਨੀ ਕੱਟੜਪੰਥੀਆਂ ਨੇ ਕੇਂਦਰੀ ਕਾਂਗਰਸੀ ਹਾਕਮਾਂ ਵਿਰੁਧ ਲੜਾਈ ਦਾ ਸਿਰਫ

ਮਖੌਟਾ ਹੀ ਪਹਿਨਿਆਂ ਹੋਇਆ ਹੈ। ਪਰ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਅਰਸੇ ਤੋਂ ਕਾਂਗਰਸੀ ਹਾਕਮਾਂ ਵਿਰੁੱਧ ਭਿੜਦੇ ਆ ਰਹੇ ਜੈਮਲ ਪੱਡਾ ਦਾ ਪਿਛੋਕੜ ਇਸ ਮਖੌਟੇ ਨੂੰ ਲੀਰੋ ਲੀਰ ਕਰ ਦਿੰਦਾ ਹੈ। ਇਸ ਤੋਂ ਇਹ ਗੱਲ ਹੋਰ ਵੀ ਚੰਗੀ ਤਰ੍ਹਾਂ ਉਘੜ ਆਉਂਦੀ ਹੈ ਕਿ ਉਹਨਾਂ ਦੇ ਖਾਲਿਸਤਾਨ ਦੇ ਨਾਹਰੇ ਦਾ ਕੀ ਅਰਥ ਹੈ ਅਤੇ ਨਾ ਜਾਣੀਏ ਜੇ ਉਹ ਹੋਂਦ 'ਚ ਵੀ ਆ ਜਾਂਦਾ ਹੈ ਤਾਂ ਇਸ ਵਿਚ ਕਿਸਾਨਾਂ, ਮਜਦੂਰਾਂ, ਮੁਲਾਜ਼ਮਾਂ ਅਤੇ ਹੋਰ ਮੇਹਨਤਕਸ਼ਾਂ ਲਈ ਉਹਨਾਂ ਦੇ ਹੱਕ-ਸੱਚ ਦੀ ਅਵਾਜ਼ ਬੁਲੰਦ ਕਰਨ ਪ੍ਰਤੀ ਉਹ ਕਿਵੇਂ ਪੇਸ਼ ਆਉਣਗੇ।

ਬਿਆਨ ਵਿਚ ਇਹ ਗੱਲ ਜ਼ੋਰ ਦੇ ਕੇ ਆਖੀ ਗਈ ਹੈ ਕਿ ਇਹ ਕਤਲ ਸੁਭਾਵਿਕ ਜਾਂ ਆਪ ਮੁਹਾਰਾ ਨਹੀਂ ਹੈ। ਸਗੋਂ ਖਾਲਿਸਤਾਨੀ ਕੱਟੜਪੰਥੀਆਂ ਦੇ ਕਮਿਊਨਿਜ਼ਮ ਵਿਰੋਧੀ ਨਾਸਤਿਕਤਾ ਵਿਰੋਧੀ ਪ੍ਰੋਗਰਾਮ ਦਾ ਬਾਕਾਇਦਾ ਅੰਗ ਹੈ। ਇਸ ਪੱਖੋਂ ਖਾਲਿਸਤਾਨੀ ਕੱਟੜਪੰਥੀਆਂ ਅਤੇ ਸਾਂਝੇ ਅਕਾਲੀ ਦਲ ਦੀ ਅੰਗਲੀ ਸੰਗਲੀ ਪੂਰੀ ਤਰ੍ਹਾਂ ਰਲਦੀ ਹੈ। ਪੰਜਾਬ 'ਚ ਜਿਹੜੇ ਕੁਝ ਲੋਕ ਅਜਿਹੇ ਕੱਟੜਪੰਥੀਆਂ ਨੂੰ ਅਜੇ ਵੀ 'ਖਾੜਕੂਪੁਣੇ' ਦਾ ਰੁਤਬਾ ਬਖਸ਼ਦੇ ਹਨ ਅਤੇ ਉਹਨਾਂ ਨੂੰ ਕੇਂਦਰੀ ਕਾਂਗਰਸੀ ਹਾਕਮਾਂ ਵਿਰੁਧ ਭਿੜਨ ਬਦਲੇ ਯੋਧਿਆਂ ਵਜੋਂ ਪੇਸ਼ ਕਰਦੇ ਹਨ, ਜੇਕਰ ਉਹ ਅਜੇ ਵੀ ਆਪਣੀ ਪੜੀ ਨੂੰ ਨਹੀਂ ਵਿਚਾਰਨਗੇ ਤਾਂ ਇਨਕਲਾਬੀ ਲਹਿਰ ਉਹਨਾਂ ਨੂੰ ਕਤਈ ਮੁਆਫ ਨਹੀਂ ਕਰੇਗੀ।

ਬਿਆਨ ਵਿਚ ਇਨਕਲਾਬੀ ਜਮਹੂਰੀ ਅਤੇ ਹੋਰ ਸ਼ਕਤੀਆਂ ਨੂੰ ਠਰੰਮੇ ਅਤੇ ਸਬਰ ਤੋਂ ਕੰਮ ਲੈਂਦਿਆਂ ਇਸ ਕਾਰਜ ਨੂੰ ਨਵੇਂ ਬੋਝ ਵਜੋਂ ਲੈਣ ਦਾ ਸੱਦਾ ਦਿਤਾ ਗਿਆ ਹੈ। ਨਾਲ ਹੀ ਇਹ ਗੱਲ ਜ਼ੋਰ ਦੇ ਕੇ ਆਖੀ ਗਈ ਹੈ ਕਿ ਖਾਲਿਸਤਾਨੀ ਕੱਟੜਪੰਥੀਆਂ ਦੇ ਇਸ ਸਿਰੇ ਦੇ ਭੜਕਾਊ ਵਾਰ ਦਾ ਮੂੰਹ ਤੋੜ ਜਵਾਬ ਦਿੰਦਿਆਂ ਵੀ ਉਹਨਾਂ ਆਪਣੇ ਨਿਸ਼ਾਨੇ ਦੀ ਸਿਸ਼ਤ ਕਾਂਗਰਸੀ ਹਾਕਮਾਂ ਵਿਰੁਧ ਸਿੰਨ੍ਹ ਕੇ ਰੱਖਣੀ ਚਾਹੀਦੀ ਹੈ।

ਬਿਆਨ ਦੇ ਅੰਤ ਵਿਚ ਵਿਛੜੇ ਯੋਧੇ ਦੇ ਪਰਿਵਾਰ ਬੱਚਿਆਂ ਅਤੇ ਦੋਸਤਾਂ ਮਿੱਤਰਾਂ ਦੇ ਦੁਖ ਵਿਚ ਸ਼ਰੀਕ ਹੁੰਦਿਆਂ ਆਖਿਆ ਗਿਆ ਹੈ ਕਿ ਉਹਨਾਂ ਨੂੰ ਆਪਣੇ ਗਮ ਅਤੇ ਦੁਖ ਨੂੰ ਗੁਸੇ ਵਿਚ ਪਲਟਦਿਆਂ ਦਰੁਸਤ ਇਨਕਲਾਬੀ ਰਾਹ 'ਤੇ ਸਿਦਕ ਦਿਲੀ ਨਾਲ ਖੜਨਾ ਚਾਹੀਦਾ ਹੈ। ਵਿਛੜੇ ਯੋਧੇ ਨੂੰ ਸੱਚੀ ਸ਼ਰਧਾਜਲੀ ਵੀ ਇਹੋ ਹੋਵੇਗੀ।

## ਪਰੈਸ ਬਿਆਨ

ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਸਕੱਤਰ ਕਾਮਰੇਡ ਮਨਜੀਤ ਅਤੇ ਇਨਕਲਾਬੀ ਕਮਿਊਨਿਸਟ ਕੇਂਦਰ ਭਾਰਤ (ਮ.ਲ.) ਦੇ ਸਕੱਤਰ ਕਾਮਰੇਡ, ਰਣਜੀਤ ਨੇ ਪਰੈਸ ਦੇ ਨਾਂ ਇਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਨਕਸਲਬਾੜੀ ਲਹਿਰ ਦੀਆਂ ਅਟੁੱਟ ਅੰਗ ਇਨ੍ਹਾਂ ਦੋਵੇਂ ਜਥੇਬੰਦੀਆਂ ਦੀ ਏਕਤਾ ਲਈ ਬਣੀ ਕਨਵੀਨਿੰਗ ਕਮੇਟੀ ਦੀ ਮਾਲਵਾ ਰਿਜਨ ਦੇ ਕਿਸੇ ਕਸਬੇ 'ਚ ਹੋਈ ਇਕ ਮਹੱਤਵਪੂਰਨ ਮੀਟਿੰਗ 'ਚ ਇਨਕਲਾਬੀ ਲਹਿਰ ਦੇ ਦੋ ਸ਼ੁਭਚਿੰਤਕਾਂ-ਸਤਬੀਰ ਸ਼ੱਤਾ ਬਾਸੀ ਕਲੋਆ, ਜ਼ਿਲਾ ਹੁਸ਼ਿਆਰਪੁਰ ਅਤੇ ਸਕੂਲ ਮਾਸਟਰ ਚਰਨ ਵਾਸੀ ਜਸਪਾਲ ਕਲਾਂ, ਜ਼ਿਲਾ ਅੰਮ੍ਰਿਤਸਰ—ਨੂੰ ਪਿਛਲੇ ਦਿਨੀਂ ਖਾਲਿਸਤਾਨੀ ਕੱਟੜਪੰਥੀਆਂ ਵਲੋਂ ਅੱਤ ਜਾਲਮਾਨਾ ਢੰਗ ਨਾਲ ਸ਼ਹੀਦ ਕਰ ਦਿਤੇ ਜਾਣ 'ਤੇ ਗੁੱਸੇ ਅਤੇ ਰੋਸ ਦਾ ਪ੍ਰਗਟਾਵਾ ਕਰਦਿਆਂ ਇਕ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਵਿਛੜੇ ਸਾਥੀਆਂ ਨੂੰ ਸੰਗ੍ਰਾਮੀ ਸ਼ਰਧਾਂਜਲੀ ਭੇਂਟ ਕੀਤੀ ਗਈ।

ਮਤੇ ਵਿਚ ਖਾਲਿਸਤਾਨੀ ਕੱਟੜਪੰਥੀਆਂ ਵਲੋਂ ਕਮਿਊਨਿਸਟ ਇਨਕਲਾਬੀ ਤੇ ਇਨਕਲਾਬੀ ਜਮਹੂਰੀ ਲਹਿਰ ਦੇ ਇਨ੍ਹਾਂ ਦੋਵੇਂ ਸ਼ੁਭਚਿੰਤਕਾਂ ਨੂੰ ਅਤਿ-ਵਹਿਸ਼ੀ ਢੰਗ ਨਾਲ ਸ਼ਹੀਦ ਕਰ ਦਿਤੇ ਜਾਣ ਦੀ ਜ਼ੋਰਦਾਰ ਢੰਗ ਨਾਲ ਨਿੰਦਾ ਕੀਤੀ ਗਈ ਹੈ। ਮਾਸਟਰ ਚਰਨ ਨੂੰ ਮੁੱਖੋ ਦੀ ਹੁੱਕ ਨਾਲ ਬੰਨ ਕੇ ਜਿਉਂਦਾ ਜਲਾ ਦੇਣ ਤੋਂ ਇਹ ਗੱਲ ਪੂਰੀ ਤਰ੍ਹਾਂ ਸਾਫ ਹੋ ਜਾਂਦੀ ਹੈ ਕਿ ਖਾਲਸਤਾਨੀ ਕੱਟੜਪੰਥੀ ਇਨਕਲਾਬੀ ਲਹਿਰ ਨਾਲ ਕਿਹੋ ਜਿਹੀ ਦੁਸ਼ਮਣੀ ਕਮਾਉਣ ਉਤੇ ਤੁਲੇ ਹੋਏ ਹਨ। ਮਤੇ ਵਿਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਖਾਲਿਸਤਾਨੀ ਕੱਟੜਪੰਥੀਆਂ ਨੇ ਆਪਣੇ ਇਸ ਬੁਜ਼ਦਿਲੀ ਭਰੇ ਕਾਰਨਾਮੇ ਨੂੰ ਲੁਕਾਉਣ ਲਈ ਬਿਨਾਂ ਕਿਸੇ ਤੱਥ ਤੋਂ ਸ਼ਹੀਦ ਸਾਥੀਆਂ 'ਤੇ ਪੁਲਿਸ ਟਾਊਟ ਜਾਂ ਗੁਰੂ ਗ੍ਰੰਥ ਸਾਹਿਬ ਦੀ ਬੇਪਤੀ ਕਰਨ ਦਾ ਬੇ-ਬੁਨਿਆਦ ਇਲਜ਼ਾਮ ਲਾਇਆ ਹੈ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਵਿਰੋਧੀ ਵਿਚਾਰਾਂ ਨੂੰ ਭੁੱਦੀ ਅੱਖ ਨਾ ਲਾਉਣ ਵਾਲੀ ਆਪਣੀ ਧੱਕੜ ਮਗਲੂਤ ਨੂੰ ਕਿਤੇ ਵੱਧ ਨੰਗਾ ਕਰ ਲਿਆ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਕਲਪਤ ਖਾਲਿਸਤਾਨ ਅੰਦਰ ਉਹ ਮਿਹਨਤਕਸ਼ ਲੋਕਾਂ ਦੇ ਸੱਚੇ ਖਰੇ ਨੁਮਾਇੰਦਿਆਂ ਸਣੇ ਹੱਕ ਸੱਚ ਦੀ ਅਵਾਜ਼ ਬੁਲੰਦ ਕਰਨ ਵਾਲਿਆਂ ਨਾਲ ਕਿਹੋ ਜਿਹਾ ਸਲੂਕ ਕਰਿਆ ਕਰਨਗੇ। ਮਤੇ ਵਿਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਸ਼ਹੀਦ ਸਾਥੀਆਂ ਦਾ ਪਿਛੋਕੜ ਇਨ੍ਹਾਂ ਕੱਟੜਪੰਥੀਆਂ ਦੇ ਮੂੰਹ

ਉਠੇ ਬੁੱਕਦਾ ਹੈ। ਸਾਥੀ ਚਰਨ ਲੰਬਾ ਸਮਾਂ ਸ਼ਹੀਦ ਭਗਤ ਸਿੰਘ ਦੀ ਸਿਰਜੀ ਨੌਜਵਾਨ ਭਾਰਤ ਸਭਾ ਤੇ ਗੌਰਮਿੰਟ ਟੀਚਰ ਯੂਨੀਅਨ ਦੀਆਂ ਆਗੂ ਸਫਾਂ ਵਿਚ ਤਨਦੇਹੀ ਨਾਲ ਕੰਮ ਕਰਦਾ ਰਿਹਾ। ਉਹ ਹਰ ਸਮੇਂ ਤੇ ਹਰ ਥਾਂ 'ਤੇ ਹਕੂਮਤੀ ਜਬਰ ਅਤੇ ਧੱਕੇ ਸਮੇਤ ਹਰ ਕਿਸਮ ਦੇ ਜਬਰ ਅਤੇ ਧੱਕੇ ਵਿਰੁੱਧ ਆਪਣੇ ਵਿੱਤ ਮੁਤਾਬਕ ਅਵਾਜ਼ ਬੁਲੰਦ ਕਰਦਾ ਰਿਹਾ। ਉਸਨੇ ਆਪਣੀ ਸਾਰੀ ਉਮਰ ਭਾਰਤੀ ਹਾਕਮਾਂ ਖਾਸ ਕਰਕੇ ਕਾਂਗਰਸੀ ਹਾਕਮਾਂ ਤੇ ਉਨ੍ਹਾਂ ਦੀਆਂ ਸਰਪ੍ਰਸਤ ਸਾਮਰਾਜੀ ਤਾਕਤਾਂ ਦੀ ਜਾਨੀ ਦੁਸ਼ਮਣ ਨਕਸਲਬਾੜੀ ਲਹਿਰ ਨਾਲ ਆਪਣਾ ਲਗਾਓ ਬਣਾਈ ਰੱਖਿਆ। ਸਾਥੀ ਸਤਬੀਰ 70ਵਿਆਂ ਦਰਮਿਆਨ ਨਕਸਲਬਾੜੀ ਲਹਿਰ ਦਾ ਇਕ ਸਰਗਰਮ ਹਮਦਰਦ ਰਿਹਾ। ਅੱਜ ਵੀ ਉਹ ਇਹਦਾ ਇਕ ਸੁਹਿਰਦ ਸ਼ੁਭਚਿੰਤਕ ਤੁਰਿਆ ਆ ਰਿਹਾ ਸੀ। ਆਪ ਦੀ ਵਿਦਿਆਰਥੀ ਜ਼ਿੰਦਗੀ ਦਰਮਿਆਨ ਸਾਥੀ ਸਤਬੀਰ ਨੇ ਪਹਿਲਾਂ ਪੰਜਾਬ ਦੇ ਵਿਦਿਆਰਥੀਆਂ ਦੀ ਜੁਝਾਰੂ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਵਿਚ ਸਰਗਰਮੀ ਨਾਲ ਕੰਮ ਕੀਤਾ ਅਤੇ ਫਿਰ ਕੁਝ ਸਮਾਂ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਵਿਚ ਇਕ ਕੁਲਵਕਤੀ ਵਜੋਂ ਕੰਮ ਕੀਤਾ। ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਨੌਜਵਾਨ ਦਾ ਵੱਡਾ ਭਰਾ ਸੱਠਵਿਆਂ ਦੇ ਅੰਤਲੇ ਵਰ੍ਹਿਆਂ ਤੋਂ ਲੈ ਕੇ ਅੱਜ ਤਕ ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ ਦੇ ਇਕ ਉਘੇ ਕਾਰਕੁੰਨ ਵਜੋਂ ਕੰਮ ਕਰਦਾ ਆ ਰਿਹਾ ਹੈ। ਉਸ ਕਰਕੇ ਜਦੋਂ ਕਦੇ ਵੀ ਹਕੂਮਤੀ ਹਥਿਆਰਬੰਦ ਤਾਕਤਾਂ ਵਜੋਂ ਉਨ੍ਹਾਂ ਦੇ ਘਰਦਿਆਂ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਰਿਹਾ ਤਾਂ ਸਾਥੀ ਸਤਬੀਰ ਨਾ ਕੇਵਲ ਜਬਰ ਤੋਂ ਪੀੜਤ ਘਰਦਿਆਂ ਦਾ ਸਹਾਰਾ ਬਣਦਾ ਰਿਹਾ, ਸਗੋਂ ਪੁਲਸੀਆਂ ਮੂਹਰੇ ਸਿਦਕ-ਦਿਲੀ ਤੇ ਧੜੱਲੇ ਨਾਲ ਖੜਦਾ ਰਿਹਾ। ਅਜੇ ਪਿਛਲੇ ਮਹੀਨੇ ਦੀ ਗੱਲ ਹੈ ਜਦੋਂ ਪੁਲਸੀਏ ਸਤਬੀਰ ਦੇ ਭਰਾ ਦੀ ਪੁਛ ਗਿੱਛ ਕਰਨ ਅਤੇ ਉਸਦਾ ਅਤਾ ਪਤਾ ਪੁੱਛਣ ਲਈ ਸੱਤੇ ਨੂੰ ਘੂਰ ਕੀਆਂ ਦੇਣ ਲੱਗੇ ਤਾਂ ਉਸ ਨੇ ਆਪਦੇ ਮੱਥੇ 'ਤੇ ਭੋਰਾ ਵੱਟ ਨਾ ਪਾਉਂਦਿਆਂ ਉਨ੍ਹਾਂ ਨੂੰ ਬੇਰੰਗ ਵਾਪਿਸ ਭੇਜ ਦਿਤਾ। ਇਕ ਹੋਰ ਪਤੇ ਦੀ ਗੱਲ ਇਹ ਹੈ ਕਿ ਉਸ ਨੇ ਰੂਸੀ ਸਮਾਜਕ ਸਾਮਰਾਜਵਾਦ ਦੀ ਝੋਲੀ ਚੁੱਕ ਸੀ. ਪੀ. ਆਈ. ਵਲੋਂ ਉਸ ਨੂੰ ਆਪਦਾ ਮੈਂਬਰ ਬਨਾਉਣ ਦੀ ਪੇਸ਼ਕਸ ਨੂੰ ਹਕਾਰਤ ਨਾਲ ਠੁਕਰਾ ਦਿਤਾ ਗਿਆ ਸੀ। ਸੱਤੇ ਦਾ ਇਹ ਪਿਛੋਕੜ ਖਾਲਿਸਤਾਨੀ ਕੱਟੜ-ਪੰਥੀਆਂ ਦੀ ਬੇ-ਬੁਨਿਆਦ ਇਲਜ਼ਾਮ ਤਰਾਸ਼ੀ ਦਾ ਖੁਦ ਹੀ ਮੂੰਹ ਚਿੜਾਉਂਦਾ ਹੈ ਅਤੇ ਉਨ੍ਹਾਂ ਵਲੋਂ ਕਾਂਗਰਸ ਹਕੂਮਤ ਵਿਰੁੱਧ ਭਿੜਨ ਦੇ ਨਾਂ ਹੇਠ ਜਾਰੀ ਰੱਖੇ ਜਾ ਰਹੇ ਅਜਿਹੇ ਬੁਜ਼ਦਿਲ ਕਾਰਨਾਮਿਆਂ ਦੀ ਅਸਲ ਹਕੀਕਤ ਨੂੰ ਨੰਗਿਆਂ ਕਰਦਾ ਹੈ।

ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਦੋਵੇਂ ਸ਼ਹੀਦ ਸਾਥੀਆਂ ਵਲੋਂ ਖਾਲਿਸਤਾਨੀ ਕੱਟੜਪੰਥੀਆਂ ਹੱਥੋਂ ਧੜੱਲੇ ਨਾਲ ਕਬੂਲ ਕੀਤੀ ਗਈ ਮੌਤ ਪਰਬਤੋਂ ਭਾਰੀ ਮੌਤ ਹੈ। ਇਹ ਮੌਤ ਇਸ ਗੱਲ ਦਾ ਸਬੂਤ ਹੈ ਕਿ ਨਕਸਲਬਾੜੀ ਲਹਿਰ ਦੇ ਸ਼ਪਰਸ਼ 'ਚ ਆਏ ਇਹ ਯੋਧੇ ਕੋਈ ਪੋਲੀ ਮਿੱਟੀ ਦੇ ਨਹੀਂ ਬਣੇ ਸੰਨ। ਮਤੇ ਦੇ ਅੰਤ ਵਿਚ ਖਾਲਿਸਤਾਨੀ ਕੱਟੜਪੰਥੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ 'ਨੂੰ ਜੇਕਰ ਇਹ ਭਰਮ ਹੋ ਗਿਆ ਹੈ ਕਿ ਉਹ ਅਜਿਹੇ ਕਾਰਨਾਮਿਆਂ ਰਾਹੀਂ ਇਸ ਮਿੱਟੀ ਨੂੰ ਭੋਰ ਦੇਣਗੇ ਅਤੇ ਪੰਜਾਬ ਵਿਚੋਂ ਨਕਸਲਬਾੜੀ ਲਹਿਰ ਦਾ ਤੁਖਮ ਮਿਟਾ ਦੇਣਗੇ ਤਾਂ ਉਹ ਆਪ ਹੀ ਆਪਣੀ ਮੌਤ ਨੂੰ ਸੱਦਾ ਦੇ ਰਹੇ ਹੋਣਗੇ। ਲੋਕ ਪੱਖੀ ਤਾਕਤਾਂ ਨੂੰ ਸੱਦਾ ਦਿੰਦਿਆਂ ਮਤੇ ਵਿਚ ਇਹ ਕਿਹਾ ਗਿਆ ਹੈ ਕਿ ਇਨਕਲਾਬੀ ਲਹਿਰ ਦੇ ਮੋਢਿਆਂ 'ਤੇ ਆ ਪਏ ਇਸ ਨਵੇਂ ਕਰਜ਼ ਦਾ ਬੋਝ ਉਤਰਨ ਲਈ ਅਤੇ ਖਾਲਿਸਤਾਨੀ ਕੱਟੜਪੰਥੀਆਂ ਨੂੰ ਉਨ੍ਹਾਂ ਦੀ ਔਕਾਤ ਯਾਦ ਕਰਾਉਂਦਿਆਂ ਅਜਿਹੇ ਕਤਲਾਂ ਸਮੇਤ ਨਿਰਦੋਸ਼ ਲੋਕਾਂ ਦੇ ਕਤਲ ਬੰਦ ਕਰਾਉਣ ਲਈ ਉਹ ਧੜੱਲੇ ਨਾਲ ਅੱਗੇ ਆਉਣ। ਅਜਿਹੇ ਉਤਸ਼ਾਹਟ ਭਰੇ ਹਮਲਿਆਂ ਦੇ ਬਾਵਜੂਦ ਆਪਣੇ ਹਮਲੇ ਦੀ ਧਾਰ ਕਾਂਗਰਸ ਹਕੂਮਤ ਵਿਰੁੱਧ ਸੇਧਤ ਰੱਖਦਿਆਂ ਅਕਾਲੀਆਂ ਤੇ ਖਾਲਿਸਤਾਨੀ ਕੱਟੜਪੰਥੀਆਂ ਦੀ ਸਾਰ ਲੈਣਾ ਜਾਰੀ ਰੱਖਣ। ਸ਼ਹੀਦ ਸਾਥੀ ਚਰਨ ਤੇ ਸਾਥੀ ਸਤਬੀਰ ਨੂੰ ਇਉਂ ਹੀ ਢੁਕਵੀਂ ਸੰਗਰਾਮੀ ਸਰਧਾਜਲੀ ਭੇਟ ਕੀਤੀ ਜਾ ਸਕਦੀ ਹੈ ਤੇ ਕੀਤੀ ਜਾਣੀ ਚਾਹੀਦੀ ਹੈ।

ਰਣਜੀਤ ਸਕੱਤਰ, ਆਗੂ ਕਮੇਟੀ ਇਨਿ: ਕਮਿ:
ਕੇਂਦਰ, ਭਾਰਤ (ਮ. ਲ.)

## ਸੋਧ

'ਕਾਮਰੇਡ ਅਜਮੇਰ ਸਿੰਘ ਦੇ "ਭਾਰਤ ਅੰਦਰ ਫਾਸ਼ੀਵਾਦ........" ਵਾਲੇ ਲੇਖ ਦੇ 6 ਨੰ: ਨੁਕਤੇ 'ਚ 18 ਸਫਾ ਤੇ ਦੂਜੇ ਕਾਲਮ ਦੀ ਉਪਰੋਂ 16ਵੀਂ ਲਾਈਨ ਦੇ ਅਖੀਰ ਵਾਲੇ "ਇਨ੍ਹਾਂ" ਦੀ ਥਾਂ "ਇਨਕਲਾਬੀ" ਪੜ੍ਹਿਆ ਜਾਵੇ।

ਸਰਗਰਮੀਆਂ

## ਤਲਵਾੜੇ ਵਿਖੇ ਮਨਾਏ 'ਇਸਤਰੀ ਦਿਵਸ ਦੀ' ਰਿਪੋਰਟ

"ਚੁੱਪ ਮਤ ਰਹੋ, ਕੁਛ ਬੋਲੋ
ਚੁੱਪ ਰਹਿਨਾ ਅਬ ਸਬਦ-ਹੀਨ ਪਾਪ ਹੈ,
ਗ਼ਰਜਨੇ ਕਾ ਵਕਤ ਯਹੀ ਹੈ,
ਕੁਛ ਬੋਲੋ ?"

ਇਹ ਸਨ-ਉਸ ਭਾਵ-ਪੂਰਤ ਕਵਿਤਾ ਪੋਸਟਰ ਉਤੇ ਅੰਕਿਤ, ਮਣੀ ਭੂਸ਼ਨ ਭੱਟਾਚਾਰੀਆ ਦੇ ਕੁਝ ਅਰਥ-ਭਰਪੂਰ ਸ਼ਬਦ, ਜੋ 8 ਮਾਰਚ ਦੀ ਸ਼ਾਮ ਨੂੰ ਇੱਥੇ ਸਟਾਫ਼ ਕਲੱਬ ਵਿਚ ਮਨਾਏ ਗਏ "ਕੌਮਾਂਤਰੀ ਇਸਤਰੀ ਦਿਵਸ" ਸਮਾਗਮ ਦੀ ਸਟੇਜ 'ਤੇ ਸੁਸ਼ੋਭਿਤ ਸੀ । ਇਸਤਰੀ ਵਿੰਗ (ਇੰਡੀਅਨ ਪੀਪਲਜ਼ ਫਰੰਟ) ਵਲੋਂ ਜਥੇਬੰਦ ਕੀਤੇ ਗਏ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ, ਪ੍ਰੋ: ਸੁਸ਼ਮਾ ਗੁਪਤਾ, ਸ੍ਰੀ ਮਤੀ ਗੁਰਮੀਤ ਕੌਰ ਹੇਅਰ ਅਤੇ ਸ੍ਰੀ ਮਤੀ ਸੁਰਿੰਦਰ ਕੌਰ ਗਿੱਲ ਨੇ । ਸਟੇਜ ਸੰਚਾਲਨ ਕੀਤਾ, ਸ੍ਰੀ ਮਤੀ ਜਸਬੀਰ ਕੌਰ ਨੱਤ ਨੇ ।

ਸਮਾਗਮ ਮੁਕੰਮਲ ਤੌਰ ਤੇ ਔਰਤਾਂ ਵਲੋਂ ਜਥੇਬੰਦ ਕੀਤਾ ਗਿਆ—ਸੁਣਨ ਵਾਲੀਆਂ ਵੀ ਸਿਰਫ ਔਰਤਾਂ ਅਤੇ ਬੋਲਣ ਵਾਲੀਆਂ ਵੀ ! ਔਰਤਾਂ ਵਲੋਂ ਸਮੁਚੇ ਪ੍ਰੋਗਰਾਮ ਵਿਚ ਵਿਖਾਈ ਡੂੰਘੀ ਦਿਲਚਸਪੀ ਅਤੇ ਵਡੀ ਗਿਣਤੀ ਵਿਚ ਹਾਜ਼ਰੀ—ਤਲਵਾੜੇ ਵਿਖੇ ਪਹਿਲੀ ਵਾਰ ਮਨਾਏ ਗਏ 'ਇਸਤਰੀ ਦਿਵਸ' ਸਬੰਧੀ ਇਸਤਰੀਆਂ ਅੰਦਰਲੇ ਭਾਰੀ ਉਤਸ਼ਾਹ ਦਾ ਸਬੂਤ ਸੀ । ਇਸਤਰੀ ਵਿੰਗ ਨੇ 'ਕੌਮਾਂਤਰੀ ਇਸਤਰੀ ਦਿਵਸ' ਦੇ ਇਤਹਾਸ ਸਬੰਧੀ ਜਾਣਕਾਰੀ ਦਿੰਦਾ ਅਤੇ 8 ਮਾਰਚ ਦੇ ਸਮਾਗਮ ਵਿਚ ਪਹੁੰਚਣ ਦੀ ਅਪੀਲ ਕਰਦਾ ਇਕ ਹੱਥ-ਪਰਚਾ (ਹੈਂਡਬਿਲ) ਜਾਰੀ ਕਰਕੇ, ਕਈ ਦਿਨ ਪਹਿਲਾਂ ਹੀ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਸਨ । ਇਹ ਹੱਥ-ਪਰਚਾ ਟਾਊਨ ਸ਼ਿਪ ਦੀ ਔਰਤਾਂ ਵਿਚ ਵੱਡੀ ਪੱਧਰ ਤੇ ਵੰਡਿਆ ਗਿਆ ਸੀ ।

ਸਮਾਗਮ ਵਿਚ ਇਸਤਰੀਆਂ ਨੂੰ ਦਰਪੇਸ਼ ਸਮਸਿਆਵਾਂ ਬਾਰੇ ਭਰਵਾਂ ਤੇ ਸਾਰਥਕ ਵਿਚਾਰ-ਵਟਾਂਦਰਾ ਕੀਤਾ ਗਿਆ । ਜਿਸ ਵਿਚ ਪ੍ਰੋ: ਸੁਸ਼ਮਾ ਗੁਪਤਾ ਅਤੇ ਜਸਬੀਰ ਕੌਰ ਤੋਂ ਇਲਾਵਾ ਸੁਖਬੀਰ ਕੌਰ ਮਾਂਗਟ, ਸੁਰਿੰਦਰਕੌਰ, ਕਮਲ ਪ੍ਰੀਤ ਹੇਅਰ ਅਤੇ ਕਿਰਨਜੀਤ ਕੌਰ ਨੇ ਆਪਣੇ ਵਿਚਾਰ ਪੇਸ਼ ਕੀਤੇ । ਵਿਚਾਰ ਚਰਚਾ ਦੌਰਾਨ ਸਰਮਾਏਦਾਰੀ ਵਲੋਂ ਆਪਣੇ ਮੁਨਾਫ਼ੇ 'ਚ ਵਾਧੇ ਲਈ ਇਸ਼ਤਿਹਾਰਬਾਜ਼ੀ ਵਿਚ ਔਰਤ ਜਾਤੀ ਦੀ ਦੁਰ ਵਰਤੋਂ, 'ਸਤੀ' ਵਰਗੀਆਂ ਮੱਧ-ਯੁੱਗੀ ਰੂੜੀਵਾਦੀ ਰਸਮਾਂ ਦੀ ਮੁੜ-ਸੁਰਜੀਤੀ ਦੀਆਂ ਕੋਸ਼ਿਸ਼ਾਂ, ਦਹੇਜ ਹਤਿਆਵਾਂ, ਆਧੁਨਿਕ ਗਰਭ ਟੈਸਟਾਂ ਰਾਹੀਂ ਕੀਤੀਆਂ ਜਾ ਰਹੀਆਂ ਮਾਦਾ ਭਰੂਣ ਹਤਿਆਵਾਂ ਸਮਾਜਕ ਜਬਰ, ਮੌਜੂਦਾ ਪੂੰਜੀਵਾਦੀ ਜਾਗੀਰੂ ਮਰਦ-ਪ੍ਰਧਾਨ ਨਿਜ਼ਾਮ ਵਲੋਂ ਜੀਵਨ ਦੇ ਹਰ ਖੇਤਰ ਵਿਚ ਔਰਤਾਂ ਨਾਲ ਕੀਤੇ ਜਾ ਰਹੇ ਵਿਤਕਰੇ ਅਤੇ ਪੰਜਾਬ ਵਿਚ ਸਾਲਾਂ ਤੋਂ ਜਾਰੀ ਕਤਲੋਂ ਗਾਰਤ ਵਰਗੇ ਸੁਆਲ ਵਿਚਾਰੇ ਗਏ । ਵਿਚਾਰ ਚਰਚਾ ਦਾ ਸਾਰ ਤੱਤ ਇਹ ਸੀ ਕਿ ਬੇਸ਼ੱਕ ਹੋਰਨਾਂ ਮੇਹਨਤਕਸ਼ ਵਰਗਾਂ ਤੇ ਤਬਕਿਆਂ ਵਾਂਗ ਬੁਨਿਆਦੀ ਤੌਰ ਤੇ ਔਰਤਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ–ਵਰਤਮਾਨ ਲੋਕ ਵਿਰੋਧੀ ਸਿਸਟਮ ਦੇ ਖ਼ਾਤਮੇ ਨਾਲ ਹੀ ਸੰਭਵ ਹੈ; ਪਰ ਮੇਹਨਤਕਸ਼ਾਂ ਦੇ ਸਾਂਝੇ ਵਰਗ ਸੰਘਰਸ਼ ਦੇ ਨਾਲ ਨਾਲ, ਇਸ ਮਰਦ-ਪ੍ਰਧਾਨ ਵਿਵਸਥਾ ਵਿਚ ਔਰਤਾਂ ਨਾਲ ਇਕ ਸਮੂਹ ਵਜੋਂ ਹੋ ਰਹੇ ਧੱਕੇ ਅਤੇ ਵਿਤਕਰਿਆਂ ਦੇ ਖ਼ਿਲਾਫ਼, ਔਰਤਾਂ ਨੂੰ ਵਿਸ਼ੇਸ਼ ਰੂਪ ਵਿਚ ਸੰਘਰਸ਼ ਕਰਨ ਦੀ ਬੇਹੱਦ ਜ਼ਰੂਰਤ ਹੈ ।

ਸਮਾਗਮ ਵਿਚ, ਚਾਹ ਲਈ ਕੀਤੀ ਬਰੇਕ ਤੋਂ ਬਾਦ ਔਰਤਾਂ ਨਾਲ ਸਬੰਧਤ ਅਗਾਂਹ ਵਧੂ ਗੀਤਾਂ-ਕਵਿਤਾਵਾਂ ਦਾ ਦੌਰ ਵੀ ਚੱਲਿਆ । ਛੋਟੀਆਂ ਬੱਚੀਆਂ ਮੰਧੂ, ਰਿੱਤੂ ਤੇ ਪ੍ਰੀਤੀ ਦੇ ਗਰੁਪ ਵਲੋਂ ਪੇਸ਼ ਕੀਤੇ ਪ੍ਰਸਿੱਧ ਸਮੂਹ-ਗਾਨ "ਹਮ ਹੋਂਗੇ ਕਾਮਯਾਬ-ਏਕ ਦਿਨ" ਨਾਲ ਸਮਾਪਤ ਹੋਇਆ ਇਹ ਸਮਾਗਮ; ਔਰਤਾਂ ਅੰਦਰ ਆਪਣੇ ਹੱਕਾਂ, ਆਪਣੀ ਸ਼ਕਤੀ ਅਤੇ ਸਮਾਜ ਵਿਚ ਆਪਣੀ ਮੌਜੂਦਾ ਸਥਿਤੀ ਨੂੰ ਬਦਲ ਸੁੱਟਣ ਸਬੰਧੀ ਪੈਦਾ ਹੋ ਰਹੀ, ਇਕ ਨਵੀਂ ਜਾਗਰਤੀ ਦੀ ਸ਼ਾਹਦੀ ਭਰਦਾ ਹੈ ।

ਸੁਖਦਰਸ਼ਨ ਨੱਤ

## ਕੌਮਾਂਤਰੀ ਇਤਸਰੀ ਦਿਵਸ ਸਬੰਧੀ ਸੰਖੇਪ ਜਾਣਕਾਰੀ

ਕੌਮਾਂਤਰੀ ਇਸਤਰੀ ਦਿਵਸ ਮਾਨਵ ਸਮਾਜ ਵਿਚ ਪ੍ਰਚਲਿਤ ਕਿਸੇ ਰੂੜੀਵਾਦੀ ਰਵਾਇਤ ਦਾ ਪ੍ਰਤੀਕ ਨਹੀਂ ਹੈ । ਜੇਕਰ ਦੁਨੀਆਂ ਦੇ ਲਗਭਗ ਸਭ ਦੇਸ਼ਾਂ ਵਿਚ ਇਸ ਦੀ ਮਹੱਤਤਾ ਅਤੇ ਪ੍ਰਸੰਗਕਿਤਾ ਮੌਜੂਦਾ ਹੈ, ਤਾਂ ਇਹ ਇਸ ਗੱਲ ਦਾ ਸੰਕੇਤ ਹੈ, ਕਿ ਮਾਨਵ ਸਮਾਜ ਦੀਆਂ ਜਿਨ੍ਹਾਂ ਅਣ-ਮਨੁੱਖੀ ਹਾਲਤਾਂ ਵਿਚ ਇਸਤਰੀਆਂ ਦੇ ਜਥੇਬਦ ਹੋਣ ਤੇ ਸੰਘਰਸ਼ ਕਰਨ ਦੀ ਜ਼ਰੂਰਤ ਮਹਿਸੂਸ ਹੋਈ ਸੀ, ਉਹ ਹਾਲਤਾਂ ਅਜੇ ਵੀ ਖ਼ਤਮ ਨਹੀਂ ਹੋਈਆਂ ਹਨ । ਦੂਜੇ ਸ਼ਬਦਾਂ ਵਿਚ ਕਿਹਾ ਜਾਵੇ, ਤਾਂ ਕੌਮਾਤਰੀ ਇਸਤਰੀ ਦਿਵਸ ਨਾ ਸਿਰਫ ਦੁਨੀਆਂ ਦੇ ਸਭਨਾਂ ਦੇਸ਼ਾਂ

ਦੀਆਂ ਇਸਤਰੀਆਂ ਦੇ ਅਣਗੌਲੇ ਜੀਵਨ ਦਾ ਸੰਕੇਤ ਹੈ, ਬਲਕਿ ਇਹ ਦੁਨੀਆਂ ਦੀਆਂ ਇਸਤਰੀਆਂ ਦੇ ਨਾਂ ਇਕ ਸੰਦੇਸ਼ ਵੀ ਹੈ–ਸਮਾਨਤਾ ਅਤੇ ਹੋਰ ਅਧਿਕਾਰਾਂ ਲਈ ਏਕਤਾ, ਸੰਘਰਸ਼ ਤੇ ਕੁਰਬਾਨੀ ਦਾ ਸੰਦੇਸ਼ ! ਇਸਤਰੀਆਂ ਦੇ ਜਿਸ ਜਥੇਬੰਦ ਅੰਦੋਲਨ ਦੀ ਪ੍ਰੇਰਨਾ, 'ਕੌਮਾਂਤਰੀ ਇਸਤਰੀ ਦਿਵਸ' ਦਾ ਆਧਾਰ ਬਣੀ, ਉਹ ਨਿਊਯਾਰਕ ਦੀਆਂ ਕੱਪੜਾ ਮਿਲਾਂ ਦੀਆਂ ਮਜ਼ਦੂਰ ਔਰਤਾਂ ਦਾ ਅੰਦੋਲਨ ਸੀ। 16 ਘੰਟੇ ਕੰਮ ਦੀ ਥਾਂ, 10 ਘੰਟੇ ਦੀ ਦਿਹਾੜੀ ਦੀ ਮੰਗ ਨੂੰ ਲੈ ਕੇ 8 ਮਾਰਚ 1857 ਨੂੰ ਇਨ੍ਹਾਂ ਇਸਤਰੀ ਮਜ਼ਦੂਰਾਂ ਨੇ ਨਿਊਯਾਰਕ ਵਿਚ ਆਪਣਾ ਅਹਿਲਾ ਮੁਜ਼ਾਹਰਾ ਜਥੇਬੰਦ ਕੀਤਾ ਸੀ। ਇਸ ਵਿਖਾਵੇ ਰਾਹੀਂ ਇਸਤਰੀਆਂ ਨੇ ਅਮਰੀਕਾ ਦੇ ਉਸ ਸਮੇਂ ਦੇ ਸਮਾਜ ਦੀਆਂ ਰੂੜੀਵਾਦੀ ਕੀਮਤਾਂ ਤੋਂ ਉਪਰ ਉਠਕੇ ਨਾ ਸਿਰਫ ਆਪਣੀ ਮਜ਼ਬੂਤ ਏਕਤਾ ਦਾ ਪ੍ਰਗਟਾਵਾ ਕੀਤਾ, ਬਲਕਿ ਹੱਕਾਂ ਲਈ ਸੰਘਰਸ਼ ਵਿਚ ਨਿਤਰਨ ਦੀ ਆਪਣੀ ਸਮਰਥਾ, ਉਸ ਵਿਚ ਡਟੇ ਰਹਿਣ ਦੇ ਅਦੁੱਤੀ ਹੌਸਲੇ ਅਤੇ ਕੁਰਬਾਨੀ ਦੀਆਂ ਇਤਿਹਾਸਕ ਮਿਸਾਲਾਂ ਪੇਸ਼ ਕੀਤੀਆਂ ਸਨ । ਹੋਰਨਾਂ ਤਬਕਿਆਂ ਤੇ ਵਰਗਾਂ ਵਲੋਂ ਹਿਮਾਇਤ ਦੀ ਘਾਟ ਕਾਰਨ ਇਸ ਅੰਦੋਲਨ ਨੂੰ ਵਹਿਸ਼ੀ ਪੁਲਸ ਜਬਰ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਇਸੇ ਅੰਦੋਲਨ ਦੇ ਪ੍ਰਭਾਵ ਸਦਕਾਂ, ਤਿੰਨ ਸਾਲ ਬਾਦ ਹੀ ਇਸਤਰੀਆਂ ਦੀ ਟਰੇਡ ਯੂਨੀਅਨ ਨੂੰ ਰਾਸ਼ਟਰੀ ਪੱਧਰ ਤੇ ਮਾਨਤਾ ਮਿਲ ਗਈ। ਬਾਦ ਵਿਚ ਇਸੇ ਅੰਦੋਲਨ ਨੇ ਵੱਖ ਵੱਖ ਦੇਸ਼ਾਂ ਦੀਆਂ ਔਰਤਾਂ ਨੂੰ ਜਥੇਬੰਦ ਹੋਣ ਅਤੇ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ 1910 ਵਿਚ ਕੌਮਾਂਤਰੀ ਸਮਾਜਵਾਦੀ ਇਸਤਰੀ ਕਾਨਫਰੰਸ ਨੇ ਰੂਸੀ ਕ੍ਰਾਂਤੀਕਾਰੀ ਔਰਤ ਕਲਾਰਾ ਜ਼ੈਟਕਿਨ ਦੇ ਮਤੇ ਨੂੰ ਪ੍ਰਵਾਨ ਕਰਕੇ 8 ਮਾਰਚ ਨੂੰ ਕੌਮਾਂਤਰੀ 'ਇਸਤਰੀ ਦਿਵਸ' ਐਲਾਨ ਦਿੱਤਾ।

ਵੈਸੇ ਤਾਂ ਇਸ ਤੋਂ ਪਹਿਲਾਂ ਵੀ ਕਈ ਦੇਸ਼ਾਂ ਵਿਚ ਮਰਦਾਂ ਵਾਂਗ ਆਪਣੀ ਸੁਤੰਤਰ ਪਹਿਚਾਣ ਸਥਾਪਤ ਕਰਨ ਅਤੇ ਇਸਦੇ ਲਈ ਇਸਤਰੀਆਂ ਨੂੰ ਜਥੇਬੰਦ ਕਰਨ ਦੀਆਂ ਇਕੜ–ਦੁਕੜ ਕੋਸ਼ਿਸ਼ਾਂ ਦਾ ਇਤਿਹਾਸ ਵਿਚ ਜ਼ਿਕਰ ਹੈ। ਲੇਕਿਨ ਉਨੀਵੀਂ ਸਦੀ ਦੇ ਪਹਿਲੇ ਅੱਧ ਤੋਂ ਲੈ ਕੇ ਬਾਦ ਦੇ ਦੌਰ ਵਿਚ ਹੀ ਇਸਤਰੀ ਅੰਦੋਲਨ ਦੁਨੀਆਂ ਦੇ ਤਕਰੀਬਨ ਸਾਰੇ ਦੇਸ਼ਾਂ ਵਿਚ ਆਪਣੀ ਸੁਤੰਤਰ ਪਹਿਚਾਣ ਬਣਾ ਸਕੇ। ਉਸਲੋਂ ਦੀਆਂ ਔਰਤਾਂ ਵਲੋਂ ਪਹਿਲੀ ਸੰਸਾਰ ਜੰਗ ਦੇ ਖਿਲਾਫ ਮਾਰਚ 1915 ਵਿਚ ਵਿਖਾਵਾ, 8 ਮਾਰਚ 1917 ਨੂੰ ਰੋਟੀ ਦੀ ਮੰਗ ਨੂੰ ਲੈ ਕੇ ਤਿੱਖੀ ਇਨਕਲਾਬੀ ਤਬਦੀਲੀ ਦੇ ਦੌਰ ਵਿਚ ਰੂਸੀ ਔਰਤਾਂ ਦਾ ਮਾਸਕੋ ਵਿਖੇ ਭਾਰੀ ਵਿਖਾਵਾ, ਫਰੈਂਕੋ ਦੀ ਤਾਨਾਸ਼ਾਹੀ ਦੇ ਖਿਲਾਫ ਸਪੇਨੀ ਔਰਤਾਂ ਵਲੋਂ ਮਾਰਚ 1937 ਵਿਚ ਖਾੜਕੂ ਮੁਜ਼ਾਹਰਾ, 8 ਮਾਰਚ 1943 ਨੂੰ ਇਟਲੀ ਦੀਆਂ ਔਰਤਾਂ ਵਲੋਂ ਮੌਸੋਲੀਨੀ ਫਾਸ਼ਿਜ਼ਮ ਦੇ ਖ਼ਿਲਾਫ ਵਿਖਾਵਾ, ਵੀਅਤਨਾਮੀ ਔਰਤਾਂ ਵਲੋਂ 8 ਮਾਰਚ 1974 ਨੂੰ ਸਾਮਰਾਜਵਾਦ ਦੇ ਖ਼ਿਲਾਫ ਵਿਖਾਵਾ, ਅਤੇ ਖੁਦ ਸਾਡੇ ਦੇਸ਼ ਵਿਚ ਚੱਲੇ ਰਹੇ ਭਿੰਨ ਭਿੰਨ ਜਮਹੂਰੀ ਅਤੇ ਸਾਮਰਾਜਵਿਰੋਧੀ ਅੰਦੋਲਨਾਂ ਵਿਚ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਆਦਿ ਬਾਦ ਦੇ ਕੁਝ ਵਰਨਣ ਯੋਗ ਨਾਰੀ–ਅੰਦੋਲਨ ਰਹੇ ਹਨ । ਇਨ੍ਹਾਂ ਅੰਦੋਲਨਾਂ ਨੇ ਸਿਰਫ ਔਰਤਾਂ ਦੀ, ਮਰਦਾਂ ਦੇ "ਬਰਾਬਰ ਦੀ ਹੈਸੀਅਤ" ਦੇ ਮੁੱਦੇ ਨੂੰ ਹੀ ਕੌਮਾਂਤਰੀ ਮੁੱਦਾ ਨਹੀਂ ਬਣਾਇਆ ਸਗੋਂ ਨਾਰੀ ਅੰਦੋਲਨ ਦੀ ਦਿਸ਼ਾ ਵੀ ਨਿਰਧਾਰਤ ਕੀਤੀ।

ਸਾਡਾ ਦੇਸ਼ ਵੀ ਕੌਮਾਂਤਰੀ ਇਸਤਰੀ ਦਿਵਸ ਦੀ ਮਹਾਨ ਪ੍ਰੰਪਰਾ ਤੋਂ ਅਲੱਗ ਨਹੀਂ ਰਿਹਾ। 1857 ਤੋਂ ਲੈ ਕੇ ਹੁਣ ਤੱਕ ਦਾ ਕਾਲ, ਵੱਖ ਵੱਖ ਭੱਖਵੇਂ ਮਸਲਿਆਂ 'ਤੇ ਔਰਤਾਂ ਰਾਜਨੀਤਕ ਦਖਲ ਅਤੇ ਦੂਜੇ "ਸੁਤੰਤਰ ਪਹਿਚਾਣ ਤੇ ਬਰਾਬਰੀ" ਲਈ ਸੰਘਰਸ਼ ਦਾ ਵੀ ਕਾਲ ਰਿਹਾ ਹੈ। ਇਸ ਲਈ 'ਕੌਮਾਂਤਰੀ ਇਸਤਰੀ ਦਿਵਸ' ਨੂੰ, ਜੇਕਰ, ਔਰਤਾਂ ਦੇ ਹੱਕੀ ਸੰਘਰਸ਼ਾਂ ਦਾ, ਉਨ੍ਹਾਂ ਦੇ ਕੌਮਾਂਤਰੀ ਭਾਈਚਾਰੇ ਦਾ, ਕੌਮੀ ਜਮਹੂਰੀ ਲਹਿਰ ਤੇ ਵਿਸ਼ਵ–ਅਮਨ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਲਈ ਰਾਹ ਦਿਖਾਵੇ ਦਾ ਦਿਨ ਕਿਹਾ ਜਾਵੇ ਤਾਂ ਇਹ ਕੋਈ ਅੱਤਕਥਨੀ ਨਹੀਂ ਹੋਵੇਗੀ।

(ਸਪਤਾਹਿਕ "ਸਮਕਾਲੀਨ ਜਨਮਤ 'ਚ ਛਪੇ ਵਿਭਾ ਮਿਸ਼ਰ ਦੇ ਲੇਖ ਤੇ ਅਧਾਰਤ)

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ. ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: ਸਮਤਾ ਦਾ ਟੈਲੀਫੂਨ ਨੰਬਰ 64786

ਕਵਿਤਾ

# ਕਿਸਾਨ ਦੀ ਕਥਾ

ਹਰਨੇਕ ਕਲੇਰ

ਕੰਧਾਂ ਬੋਲਣ
ਪਰਦੇ ਫੋਲਣ
ਸਾਡੇ ਤਨ ਵਿਚ ਖੁੱਡਾਂ
ਇਹ ਖੁੱਡਾਂ ਤੇ ਪਹਿਰੇ ਲਾਓ 'ਤੇ
ਸੂਰਜ ਦੇ ਮੁੱਖ ਨੂੰ ਚੁੰਮੋ
ਖੇਤਾਂ ਵਿਚ
ਬਣਕੇ ਕਿਰਣਾਂ
ਵਿਖਰ ਜਾਓ।
ਕੰਧਾਂ ਬੋਲ ਰਹੀਆਂ ਹਨ
ਕੱਚੇ ਘਰਾਂ ਦੀਆਂ
ਠੇਹੀ ਖਾਧੀਆਂ ਨੀਹਾਂ
ਡੋਲ ਰਹੀਆਂ ਹਨ—
ਜਿਥੇ ਇਕੋ ਛੱਤ ਥੱਲੇ
ਮਾਨਵ, ਪਸ਼ੂ, ਭੜੋਲੇ—
ਤੂੜੀ ਤੱਪਾ।
ਤੇ
ਕੁਝ ਇਕ ਨਾ ਕੋਲ
ਦੋ ਜੀਆਂ ਲਈ
ਸੱਠ ਕਮਰਿਆਂ ਦੀ ਕੁੱਟੀਆ
ਕਿੰਜ ਪੂਰੂਗਾ ਪੱਖਾ
ਅਤੇ
ਮਿੱਟੀ ਦੇ ਤੇਲ ਦੇ
ਦੀਵਿਆਂ ਨਾਲ—
ਬੱਚੇ, ਕਰ ਰਹੇ—ਵਿਦਿਆ ਵਿਚਾਰ
ਕਿਸਾਨ ਦੀ ਦਸਤਾਰ—
ਉਪਰ ਚਹੁੰ ਕੰਟਾਂ ਦਾ ਭਾਰ
ਕਾਰ ਹੀ ਕਾਰ-ਕਾਰ ਹੀ ਕਾਰ।
ਸੁਣੋ...ਸੁਣੋ! ਸੁਣੋ
ਰਤਾ ਪੈਰ ਤੇ ਮਲ ਲਵੋ।
ਹੈਂ ? ਵਕਤ ਨਹੀਂ......
ਹਾਂ, ਨੇਤਾ ਜੀ
ਹੁਣ ਤੁਹਾਡੇ ਪਾਸ
ਸਮਾਂ ਹੀ ਕਿਥੇ ?
ਅਸੰਬਲੀ ਰੁੱਤੇ
ਹੁਣ ਅਸੀਂ ਵੋਟਰ ਨਾ ਲਗਦੇ
ਕਾਲੇ ਕਲੂਟੇ ਨੰਗੇ ਪਿੰਡੇ
ਭੂਤਾਂ ਵਾਕਣ ਲਗਦੇ ਧੁੱਪੇ
ਢਮ...ਢਮ...ਢਮ...
ਢਮ...ਢਮ...ਢਮ...
ਵਾਢੀਆਂ ਦੇ ਢੋਲ ਵੱਜ ਰਹੇ ਹਨ
ਸ਼ਮਲੇ ਸਿਰੀਆਂ ਕੱਢ ਰਹੇ ਹਨ
ਗਭਰੂ ਘੁੰਗਰੂਆਂ ਵਾਲੀਆਂ
ਦਾਤੀਆਂ ਲੱਭ ਰਹੇ ਹਨ।

... ... ...

ਮੁੜਕੋ ਮੁੜਕੀ ਹੋਏ ਕਿਸਾਨ
ਆਸਮਾਨ ਵੱਲ ਤੱਕੀ ਜਾਣ
ਕੁੱਝ ਬੋਹਲਾਂ ਦੇ ਸਰਾਂਦੀ ਬੈਠੇ
ਮੰਡੀਆਂ ਦੀ ਧੂੜ ਫੱਕੀ ਜਾਣ—
ਸ਼ਾਹ ਜੀ...ਸ਼ਾਹ ਜੀ...
ਸਾਡੇ ਉਤੇ ਕਰਮ ਕਰੋ—
ਹੀਅ...ਹੀਅ...ਹੀਅ...,
ਨਾ ਜੀ ਨਾ–ਨਾ ਸਾਡੇ ਉੱਤੇ
ਭਾਰ ਚੜਾਓ।
ਪਿੱਛਲਾ ਖਾਤਾ-ਬਰੋ ਬਰਾਬਰ
ਅਗੋਂ ਲਈ ਹਾਲਾਤ ਹੋਏ ਨਾਬਰ।
ਹੇ ਰੱਬਾ...ਕਿਧਰ ਜਾਈਏ—
ਧੀਆਂ ਨੂੰ ਕਿੰਜ ਡੋਲੇ ਪਾਈਏ ?
ਧੀਆਂ ਦੇ ਡੋਲੇ ਅਟਕਾਓ
ਨਰਮੇ ਵੇਲੇ ਸੋਚ ਲਵਾਂਗੇ
ਐਡੀ ਨਾ ਹੁਣ, ਕਾਹਲੀ ਪਾਓ
ਹੱਥ ਪੱਲੇ ਜੋ ਪੈਸਾ ਧੇਲਾ
ਕਰੋ ਪਹਿਲਾ ਭੁਗਤਾਨ ਸਰਕਾਰੀ
ਨਹੀਂ ਤਾਂ ਹੱਥ-ਕੜੀਆਂ ਦੀ ਤਿਆਰੀ
ਬੱਲੇ ਕਿਸਾਨਾ! ਤੇਰੀ ਸ਼ਾਨ
ਜੋ ਤੈਥੋਂ ਖੋਹ ਕੇ ਖਾਈ ਜਾਣ
ਅਜੇ ਵੀ ਕਰ ਲੈ...ਤੂੰ ਪਹਿਚਾਣ।
ਅਜੇ ਵੀ ਕਰ ਲੈ...ਤੂੰ ਪਹਿਚਾਣ।
/o

## ਇਕ ਚਿੱਠੀ

ਸੰਪਾਦਕ ਜੀ, ਸ਼ਾਲ 1988 ਜਨਵਰੀ 'ਸਮਤਾ' 'ਚ ਪ੍ਰੀਤ ਫਰੀਦਕੋਟੀ ਨੇ 'ਔਰਤ ਧਰਮ ਦੇ ਪਰਛਾਵੇਂ ਹੇਠ' ਲਿਖ ਕੇ ਇਕ ਬਹੁਤ ਪ੍ਰਗਤੀਸ਼ੀਲ ਬਹਿਸ ਛੇੜੀ ਹੈ। ਇਸ ਮਸਲੇ ਤੇ ਮੈਂ ਇਥੇ ਦੋ ਸਪਤਾਹਿਕ ਪਰਚੇ 'ਪੰਜਾਬੀ ਦਰਪਣ' 'ਚ ਕੁਝ ਮਹੀਨੇ ਹੋਏ ਬਹਿਸ ਚਾਲੂ ਕੀਤੀ ਸੀ ਜੋ ਬਹੁਤ ਉਸਾਰੂ ਅਤੇ ਪਿਛਾਂਹ ਖਿੱਚੂ ਵਿਚਾਰਾਂ ਨਾਲ ਮੱਘਦੀ ਰਹੀ ਅਤੇ ਹੁਣ ਵੀ ਚਲ ਰਹੀ ਹੈ।

ਔਰਤ ਬਾਰੇ ਧਰਮਾਂ ਦਾ ਨਜ਼ਰੀਆ ਉਸੇ ਤਰ੍ਹਾਂ ਹੀ ਸਪਸ਼ਟ ਕੀਤਾ ਗਿਆ ਸੀ ਜਿਵੇਂ ਪ੍ਰੀਤ ਹੋਰਾਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਰੈਸ਼ਨੇਲਿਸਟ ਸੁਸਾਇਟੀ ਦੇ ਪ੍ਰਧਾਨ ਮੇਘਰਾਜ ਮਿੱਤਰ ਦਾ ਵੀ ਲੇਖ ਮੈਂ ਇਸ ਬਹਿਸ 'ਚ ਵਰਤਿਆ ਸੀ।

ਮੈਨੂੰ ਇਸ ਗੱਲ ਦੀ ਵੀ ਹੈਰਾਨੀ ਹੋਈ ਸੀ ਕਿ ਬਹੁਤੇ ਲੇਖਕਾਂ ਨੇ ਇਹਦੇ ਵਿਚ ਹਿੱਸਾ ਨਹੀਂ ਲਿਆ ਸੀ ਸ਼ਾਇਦ ਉਨ੍ਹਾਂ ਨੂੰ ਉਨ੍ਹਾਂ ਦਾ ਆਪਣਾ ਚੋਰ ਮਾਰ ਗਿਆ ਸੀ। ਇਹ ਗੱਲ ਮੈਨੂੰ ਇਸੇ ਤਰ੍ਹਾਂ ਲੱਗੀ ਸੀ ਜਿਵੇਂ 'ਨਸਲਵਾਦ' ਬਾਰੇ ਗੱਲ ਹੋਣ ਤੇ ਗੋਰੇ ਗੋਰੀਆਂ ਚੁੱਪ ਕਰਕੇ ਬੈਠ ਜਾਂਦੇ ਹਨ। ਹੈਰਾਨਗੀ ਇਸ ਗੱਲ ਦੀ ਵੀ ਹੋਈ ਸੀ ਕਿ ਕਿਸੇ ਦੀ ਜੁਰੱਅਤ ਨਹੀਂ ਸੀ ਪਈ ਕਿ ਉਹ ਮੇਰੇ ਖਿਲਾਫ ਤੱਥਾਂ ਨੂੰ ਗਲਤ ਸਾਬਤ ਕਰਕੇ ਲਿਖ ਸਕਦਾ। ਸਭ ਤੋਂ ਦਿਲਚਸਪ ਗੱਲ ਤਾਂ ਉਸ ਵੇਲੇ ਹੋਈ ਜਦ ਅਜਮੇਰ ਕਾਵੈਂਟਰੀ ਨੇ ਗਿਆਨ ਇੰਦਰ ਕੌਰ ਦੇ ਨਾਂ ਹੇਠ ਲਿਖ ਕੇ ਬਹਿਸ 'ਚ ਹਿੱਸਾ ਲੈਣਾ ਸ਼ੁਰੂ ਕਰ ਦਿਤਾ। ਪਾਠਕਾਂ ਅਤੇ ਲੇਖਕਾਂ ਨੇ ਔਰਤ ਹੋਣ ਕਰਕੇ ਗਿਆਨ ਇੰਦਰ ਕੌਰ ਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ ਪਰ ਕਿਸੇ ਵੀ ਮੇਰੇ ਵਲ ਉਂਗਲੀ ਨਾ ਕੀਤੀ। ਮੈਂ ਅਤੇ ਅਜਮੇਰ ਇਹ ਤਮਾਸ਼ਾ ਦੇਖ ਰਹੇ ਸਾਂ ਕਿ ਅਮਰ ਅਜਮੇਰ ਆਪਣੇ ਨਾਂ ਹੇਠ ਇਸ ਬਹਿਸ 'ਚ ਹਿੱਸਾ ਪਾਉਂਦਾ ਹੈ ਤਾਂ ਕੋਈ ਨਹੀਂ ਬੋਲਦਾ। ਮੈਨੂੰ ਇਹ ਗੱਲ ਫਿਰ 'ਨਸਲਵਾਦ' ਦੀ ਬਹਿਸ ਨਾਲ ਮਿਲਦੀ ਜੁਲਦੀ ਲੱਗੀ ਕਿ ਅਗਰ ਕੋਈ ਕਾਲਾ ਬੰਦਾ ਨਸਲਵਾਦ ਬਾਰੇ ਬਹਿਸ ਸ਼ੁਰੂ ਕਰਦਾ ਹੈ ਤਾਂ ਉਹਦੇ ਉਪਰ ਪੁੱਠੇ ਸਿੱਧੇ ਸੁਆਲ ਕਰਕੇ ਉਹਨੂੰ ਗਲਤ ਸਾਬਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਅਗਰ 'ਨਸਲਵਾਦ' ਬਾਰੇ ਬਹਿਸ ਕੋਈ ਚੇਤਨ ਹੋਇਆ ਗੋਰਾ ਸ਼ੁਰੂ ਕਰਦਾ ਹੈ ਤਾਂ ਬਹਿਸ ਦਾ ਰੁਖ ਬਿਲਕੁਲ ਹੀ ਵੱਖਰਾ ਹੋ ਜਾਂਦਾ ਹੈ। ਉਸ ਵੇਲੇ ਜੁਆਬੀ ਹਮਲੇ ਨਹੀਂ ਹੁੰਦੇ ਸਗੋਂ ਧੀਰਜ ਨਾਲ ਉਹਦੀ ਗੱਲ ਸੁਣੀ ਜਾਂਦੀ ਹੈ। ਇਸੇ ਤਰ੍ਹਾਂ ਹੀ ਜਦ 'ਨਸਲਵਾਦ' ਬਾਰੇ ਕਈ ਕੋਰਸ ਸ਼ੁਰੂ ਹੁੰਦਾ ਹੈ ਤਾਂ ਗੋਰੇ ਕਾਮੇ ਭੇਜਣ ਦੀ ਬਜਾਏ ਕਾਲੇ ਕਾਮੇ ਕੋਰਸ ਦੀ ਹਾਜ਼ਰੀ ਲਈ ਭੇਜੇ ਜਾਂਦੇ ਹਨ ਕਿ ਸਮੱਸਿਆ ਕਾਲਿਆਂ ਨੂੰ ਹੈ ਗੋਰਿਆਂ ਨੂੰ। ਇਹ ਗੱਲ ਉਲਟਾ ਚੋਰ ਕੋਤਵਾਲ ਕੋ ਡਾਂਟੇ ਵਾਲੀ ਹੈ।

ਪ੍ਰੀਤ ਫਰੀਦ ਕੋਟੀ ਹੋਰਾਂ 'ਸਿੱਖ ਲਹਿਰ' ਜਾਂ ਹੁਣ ਵਾਲਾ ਰੂਪ 'ਸਿੱਖ ਧਰਮ' ਬਾਰੇ ਕੁੱਝ ਨਹੀਂ ਲਿਖਿਆ। ਮੇਰੀ ਜਾਚੇ ਦੋ ਕਾਰਨ ਹੋ ਸਕਦੇ ਹਨ। (1) ਪ੍ਰੀਤ ਹੋਰੀਂ 'ਸਿੱਖ ਧਰਮ' ਨੂੰ ਧਰਮ ਹੀ ਨਹੀਂ ਮਿਥਦੇ (2) ਸਿੱਖ ਧਰਮ 'ਚ ਇਹਨਾਂ ਮੁਤਾਬਕ ਔਰਤਾਂ ਨੂੰ ਬਰਾਬਰ ਦੇ ਹੱਕ ਹਨ।

ਅਗਰ ਗੱਲ ਦੂਜੀ ਹੈ ਤਾਂ ਮੇਰਾ ਸੁਆਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਚਾਰ ਔਰਤਾਂ ਬਾਰੇ ਅਤੇ ਛੇਵੇਂ ਪਾਤਸ਼ਾਹ ਦੀਆਂ ਅੱਠ ਔਰਤਾਂ ਬਾਰੇ ਇਹਨਾਂ ਦਾ ਕੀ ਖਿਆਲ ਹੈ? ਇਹਦੇ 'ਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ 'ਚ ਅਵਾਜ਼ ਉਠਾਈ ਪਰ ਲਾਵਾਂ ਵੇਲੇ ਔਰਤ ਮਰਦ ਦੇ ਮਗਰ ਕਿਉਂ ਗੇੜੇ ਕੱਢਦੀ ਹੈ? ਤੇ ਫਿਰ ਔਰਤ ਨੂੰ ਹੀ ਕਿਉਂ ਮਰਦ ਦੇ ਲੜ ਲਇਆ ਜਾਂਦਾ ਵਾਲਾ ਸ਼ਬਦ ਗਾਇਆ ਜਾਂਦਾ ਹੈ? ਗੁਰਦੁਆਰਿਆਂ 'ਚ ਕਿੰਨੀਆਂ ਔਰਤਾਂ ਭਾਈਪੁਣੇ ਦਾ ਕੰਮ ਕਰਦੀਆਂ ਹਨ ਤੇ ਕਿੰਨੀਆਂ ਗ੍ਰੰਥੀ ਅਤੇ ਹੈਡਗ੍ਰੰਥੀ ਹਨ? ਕਿੰਨੀਆਂ ਔਰਤਾਂ ਗੁਰਦੁਆਰਿਆਂ ਦੀਆਂ ਕਮੇਟੀਆਂ 'ਚ ਮੋਹਤਵਾਰ ਜਾਂ ਆਮ ਮੈਂਬਰ ਹਨ? ਲੜਕੀ ਪੈਦਾ ਹੋਣ ਤੇ ਕਿੰਨੀਆਂ ਸਿੱਖਾਂ (ਧਾਰਮਿਕ) ਨੇ ਲੱਡੂ ਵੰਡੇ ਸਨ ਜਾਂ ਹਨ ਅਤੇ ਪਾਰਟੀਆਂ ਕੀਤੀਆਂ?

ਸਿੱਖਾਂ ਦੇ ਰਾਜੇ ਰਣਜੀਤ ਸਿੰਘ ਦੀਆਂ ਕਹਿੰਦੇ 13 ਰਾਣੀਆਂ ਸਨ ਅਤੇ ਪਟਿਆਲੇ ਵਾਲੇ ਭੁਪਿੰਦਰ ਸਿੰਘ ਮਹਾਰਾਜੇ ਦੀਆਂ ਤੁਸੀਂ ਆਪ ਮੈਨੂੰ ਦਸੋ ਕਿੰਨੀਆਂ ਸਨ? ਇਹ ਦੋਵੇਂ ਧਾਰਮਿਕ ਸਿੱਖ ਸਨ।

ਇਥੇ ਇਹ ਗੱਲ ਵੀ ਸਾਫ ਕਰ ਦਿਆਂ ਕਿ ਮੈਂ ਹਿੰਦੂ ਪ੍ਰੀਵਾਰ 'ਚ ਜਰੂਰ ਪੈਦਾ ਹੋਇਆ ਹਾਂ ਪਰ ਕਿਸੇ ਧਰਮ ਨਾਲ ਨਾਂ ਮੇਰਾ ਕੋਈ ਸਬੰਧ ਹੈ ਅਤੇ ਨਾਂ ਹੀ ਵਿਸ਼ਵਾਸ਼। ਪ੍ਰੀਤ ਹੋਰਾਂ ਤੇ ਇਸ ਗੱਲ ਦਾ ਇਤਰਾਜ਼ ਸੀ ਕਿ ਬਹਿਸ ਦਾ ਤਣਾਜਨਕ ਇਕਪਾਸੜ ਨਾਂ ਹੋਕੇ ਠੀਕ ਰੱਖਿਆ ਜਾਵੇ ਅਤੇ ਤੱਥਾਂ ਨੂੰ ਸਪਸ਼ਟ ਕੀਤਾ ਜਾਵੇ। ਜਿਨ੍ਹੇ ਮਾੜੇ ਹਿੰਦੂ ਸ਼ਿਵ ਸੈਨਾ ਵਾਲੇ ਹਨ। ਉਨੇ ਹੀ ਖਾਲਿਸਤਾਨੀ ਹਨ। ਜਿੰਨ੍ਹਾ ਮਾੜਾ ਰਾਮਰਾਜ ਹੈ ਉਨ੍ਹਾ ਹੀ ਕ੍ਰਿਸਚੀਅਨ, ਬੋਧਿਕ, ਇਸਲਾਮਿਕ ਅਤੇ ਖਾਲਿਸਤਾਨ ਹੈ।

ਹਿੱਤੂ—ਹਰੀਸ਼ ਮਲਹੋਤਰਾ ਬਰਮਿੰਘਮ

o

ਸਾਥੀ ਗੁਰਸ਼ਰਨ ਜੀ,

'ਸਮਤਾ' ਰਾਹੀਂ ਅਤੇ ਤੁਹਾਡੇ ਆਪਣੇ ਅਣਥੱਕ ਯਤਨਾਂ ਰਾਹੀਂ ਕਮਿਊਨਿਸਟ ਇਨਕਲਾਬੀ ਸਫਾਂ ਅੰਦਰ ਏਕਤਾ ਦੇ ਯਤਨਾਂ ਨੇ ਉਸਾਰੂ ਸਿੱਟੇ ਕੱਢੇ ਹਨ। ਜਿਸ ਸ਼ਿਦਤ ਨਾਲ ਆਪ ਨੇ ਏਕਤਾ ਦੀ ਲੋੜ ਨੂੰ ਮਹਿਸੂਸ ਕੀਤਾ ਅਤੇ ਉਸਨੂੰ ਅਸਲੀ ਰੂਪ ਦਿੱਤਾ ਹੈ। ਜੇਕਰ ਉਸੇ ਸ਼ਿਦਤ ਨਾਲ ਇਨਕਲਾਬੀ ਗਰੁਪ ਖੁਦ ਆਪ ਏਸ ਲੋੜ ਦਾ ਅਹਿਸਾਸ ਕਰਦੇ ਅਤੇ ਉਸ ਉਪਰ ਅਮਲ ਕਰਦੇ ਤਾਂ ਹੁਣ ਤੱਕ ਇਹ ਏਕਤਾ ਹਕੀਕਤ ਬਣ ਗਈ ਹੁੰਦੀ । ਆਪ ਜੀ ਦੇ ਯਤਨਾਂ ਨਾਲ 'ਇਨਕਲਾਬੀ ਕੇਂਦਰ ਪੰਜਾਬ' ਦਾ ਇਕ ਥੜ੍ਹਾ ਕਾਇਮ ਹੋਇਆ ਹੈ। ਜਿਥੇ ਕਮਿਊਨਿਸਟ ਇਨਕਲਾਬੀ ਸਾਂਝੀਆਂ ਕਾਰਵਾਈਆਂ ਲਈ ਇਕੱਠੇ ਹੁੰਦੇ ਹਨ ਜੋ ਹਾਂ ਪੱਖੀ ਵਰਤਾਰਾ ਹੈ। ਕੁਝ ਇਨਕਲਾਬੀ ਗਰੁੱਪਾਂ ਨੂੰ ਇਸ ਥੜ੍ਹੇ ਉਪਰ ਆ ਕੇ ਸਾਂਝੀਆਂ ਸਰਗਰਮੀਆਂ ਕਰਨਾ ਵੀ ਗਵਾਰਾ ਨਹੀਂ । ਉਂਜ ਕਿਸੇ ਵੀ ਗਰੁੱਪ ਤੋਂ ਜੇਕਰ ਇਹ ਸਵਾਲ ਪੁਛਿਆ ਜਾਵੇ ਕਿ ਕਮਿਊਨਿਸਟ ਇਨਕਲਾਬੀ ਏਕਤਾ ਹੋਣੀ ਚਾਹੀਦੀ ਹੈ ਜਾਂ ਨਹੀਂ ਤਾਂ ਜਵਾਬ ਸਾਰਿਆਂ ਦਾ 'ਹਾਂ' ਵਿਚ ਹੈ। ਇਹ 'ਹਾਂ' ਵਾਲੀ ਇੱਛਾ 1971 ਤੋਂ ਸ਼ੁਰੂ ਹੋਈ। ਪ੍ਰੰਤੂ ਸਿੱਟਾ ਏਕਤਾ ਦੀ ਥਾਂ ਖਿੰਡਾਅ ਵਿਚ ਨਿਕਲਿਆ ਹੈ। ਇਹ ਹਕੀਕਤ ਸਾਡੇ ਸਾਹਮਣੇ ਹੈ। ਇਕ ਦੂਸਰੇ ਦੀਆਂ ਸਿਧਾਂਤਕ ਪੁਜੀਸ਼ਨਾਂ ਉਪਰ ਬਹਿਸ ਦਾ ਇਤਿਹਾਸ ਵੀ ਲਗਭਗ ਸੋਲਾਂ ਸਾਲ ਪੁਰਾਣਾ ਹੈ । ਹਰੇਕ ਗਰੁੱਪ ਇਹ ਸਮਝਦਾ ਹੈ ਕਿ ਉਸਦੀ ਸਿਧਾਂਤਕ ਪਹੁੰਚ ਇਕੋ ਇਕ ਦਰੁਸਤ ਪਹੁੰਚ ਹੈ। ਜੇਕਰ ਕੋਈ ਦੂਸਰਾ ਗਰੁੱਪ ਉਸ ਪਹੁੰਚ ਨਾਲ ਸਹਿਮਤ ਨਹੀਂ ਤਾਂ ਏਕਤਾ ਨਹੀਂ ਹੋ ਸਕਦੀ। ਅਜੇਹੀ ਪਹੁੰਚ ਆਪਣੇ ਆਪ ਵਿਚ ਗੈਰ-ਮਾਰਕਸਵਾਦੀ ਪਹੁੰਚ ਹੈ। ਵਿਚਾਰਾਂ ਦੀ ਸਮਤਲ (Uniform) ਏਕਤਾ ਕਿਸੇ ਵੀ ਪਾਰਟੀ ਜਾਂ ਗਰੁੱਪ ਵਿਚ ਸੰਭਵ ਹੀ ਨਹੀਂ ਹੈ। ਜੇਕਰ ਅਸੀਂ ਆਪਣੇ ਆਪਣੇ ਗਰੁੱਪ ਵਿਚ ਵੱਖਰੀ ਵੱਖਰੀ ਵਿਚਾਰਧਾਰਾ ਨੂੰ ਸਹਿਣ ਕਰ ਸਕਦੇ ਹਾਂ (ਅਤੇ ਕਰਦੇ ਵੀ ਹਾਂ) ਤਾਂ ਇਕ ਇਕ ਪਾਰਟੀ ਵਿਚ ਰਹਿੰਦਿਆਂ ਹੋਇਆਂ ਵੱਖਰੀ ਵੱਖਰੀ ਵਿਚਾਰਧਾਰਾ ਨੂੰ ਸਹਿਣ ਕਿਉਂ ਨਹੀਂ ਕਰ ਸਕਦੇ। ਜਿਹੜਾ ਵੀ ਗਰੁੱਪ ਆਪਣੇ ਆਪ ਦੀ ਸਿਧਾਂਤਕ ਪੁਜੀਸ਼ਨ ਨੂੰ ਵਧੇਰੇ ਦਰੁਸਤ ਮੰਨਦਾ ਹੈ ਜਾਂ ਇਉਂ ਕਹਿ ਲਓ ਵਧੇਰੇ ਮਾਰਕਸਵਾਦੀ ਹੈ ਤਾਂ ਉਸਨੂੰ ਚਾਹੀਦਾ ਹੈ ਘੱਟ ਮਾਰਕਸਵਾਦੀ ਗਰੁੱਪਾਂ ਨੂੰ ਇਕ ਕਰਨ ਲਈ ਪਹਿਲ ਕਦਮੀ ਕਰੇ। ਅੰਤ ਵਿਚ ਮੌਜੂਦਾ ਨਾਜ਼ਕ ਹਾਲਤਾਂ ਉਪਰ "ਸਾਂਝੀਆਂ ਸਰਗਰਮੀਆਂ" ਦੇ ਅਜੰਡੇ ਉਪਰ ਮੀਟਿੰਗ ਸੱਦੀ ਜਾਵੇ ਅਤੇ ਘੱਟੋ ਘੱਟ ਪ੍ਰੋਗਰਾਮ ਉਪਰ ਸਾਂਝੀਆਂ ਕਾਰਵਾਈਆਂ ਉਲੀਕੀਆਂ ਜਾਣ। 'ਇਨਕਲਾਬੀ ਕੇਂਦਰ ਪੰਜਾਬ' ਵਰਗੇ ਸਾਂਝੀਆਂ ਸਰਗਰਮੀਆਂ ਵਾਲੇ ਥੜ੍ਹੇ ਦੀ ਪੁਰਜ਼ੋਰ ਸਫਲਤਾ, ਇਨਕਲਾਬੀ ਗਰੁੱਪਾਂ ਦੀ ਆਪਸੀ ਏਕਤਾ ਲਈ ਇੱਛਾ ਦਾ ਅਮਲੀ ਰੂਪ ਇਖ-ਤਿਆਰ ਕਰਨ ਉਪਰ ਨਿਰਭਰ ਕਰਦੀ ਹੈ। ਕੇਵਲ ਸਿਧਾਂਤਕ ਬਹਿਸ ਚਲਾਉਣ ਨਾਲ ਗੱਲ ਨਹੀਂ ਬਣਨੀ। ਜੇਕਰ ਅਸੀਂ ਕਥਣੀ ਵਿਚ ਏਕੇ ਦੇ ਹਾਮੀ ਹਾਂ ਤਾਂ ਕਰਨੀ ਵਿਚ ਵੀ ਠੋਸ ਕਦਮ ਪੁਟਣੇ ਪੈਣਗੇ। ਲੋਕਾਂ ਪ੍ਰਤੀ ਸੁਹਿਰਦ ਇਨਕਲਾਬੀ ਗਰੁੱਪਾਂ ਨੂੰ ਆਪਣੇ ਆਪਣੇ ਬੁਲਾਰਿਆਂ ਰਾਹੀਂ ਕਾਡਰ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਦੂਸਰੇ ਗਰੁੱਪਾਂ ਨਾਲ ਸਾਂਝੀਆਂ ਕਾਰਵਾਈਆਂ ਵਿਚ ਜੁੱਟ ਜਾਣ। ਜ਼ਬਾਨੀ ਕਲਾਮੀ ਭਾਵੇਂ ਕੋਈ ਗਰੁੱਪ ਕੁਝ ਆਖੀ ਜਾਵੇ ਪ੍ਰੰਤੂ ਸਾਰਿਆਂ ਦੀਆਂ ਸਰਗਰਮੀਆਂ ਦਾ ਤੱਤ ਇਕੋ ਹੈ। ਸਾਝੀ ਮੀਟਿੰਗ ਵਿਚ Joint Comminqve ਦਿਤਾ ਜਾ ਸਕਦਾ ਹੈ। ਅਜੇਹਾ ਅਮਲੀ ਕਦਮ ਕਾਡਰ ਦਾ Morale ਉਚਾ ਚੁਕੇਗਾ। ਗੱਲਬਾਤ ਜਾਂ ਵਿਚਾਰ ਵਟਾਂਦਰਾ ਤਾਂ ਦੁਸ਼ਮਣ ਨਾਲ ਵੀ ਹੋ ਸਕਦਾ ਹੈ। ਇਨਕਲਾਬੀ ਗਰੁੱਪਾਂ ਨੂੰ ਵਿਚਾਰ-ਵਟਾਂਦਰੇ ਨਾਲ ਸਾਂਝੀ ਮੀਟਿੰਗ ਵਿਚ ਆਉਣ ਤੋਂ ਝਿਜਕ ਨਹੀਂ ਹੋਣੀ ਚਾਹੀਦੀ। ਜੇਕਰ ਇਨਕਲਾਬੀ ਗਰੁੱਪਾਂ ਨੂੰ ਇਕ ਦੂਸਰੇ ਨਾਲ ਤਾਲਮੇਲ ਕਰਨ ਵਿਚ ਔਖ ਮਹਿਸੂਸ ਹੁੰਦੀ ਹੋਵੇ ਜਾਂ ਸੰਗ ਲਗਦੀ ਹੋਵੇ ਤਾਂ ਮੇਰੀਆਂ ਸੇਵਾਵਾਂ ਸਮਰਪਤ ਹਨ। ਐਡਰੇਸ ਸਾਰੇ ਜਾਣਦੇ ਹਨ। ਸਾਈਮਨ

**ਟਿਪਣੀ** :

ਸਾਥੀ ਅਜਮੇਰ ਸਿੰਘ ਦੀ ਸਿਧਾਂਤਕ ਪੱਖੋਂ ਪਹੁੰਚ ਬੁਨਿਆਦੀ ਤੌਰ ਤੇ ਦਰੁਸਤ ਅਤੇ ਬਹਿਸ ਅਤੇ ਭਾਵ ਦੀ ਭਾਵਨਾ ਸ਼ਲਾਘਾਯੋਗ ਹੈ। ਲੇਖਕ ਨੇ ਆਪਣੇ ਸਿਧਾਂਤਕ ਅਧਾਰ ਉਪਰ ਕਾਰਜ (task) ਦੀ ਉਣਤਾਈ ਜ਼ਰੂਰ ਰੱਖੀ ਹੈ। ਆਉਣ ਵਾਲੇ ਲੇਖਾਂ ਵਿਚ ਸਿਧਾਂਤਕ ਪੁਜੀਸ਼ਨ ਬਿਆਨਣ ਦੇ ਨਾਲ ਨਾਲ ਮੌਜੂਦਾ ਹਾਲਤਾਂ ਵਿਚ ਰਾਸ਼ਟਰੀ ਅਤੇ ਖਾਸ ਤੌਰ ਤੇ ਪੰਜਾਬ ਦੀਆਂ ਹਾਲਤਾਂ ਉਪਰ ਕਾਰਜ ਕੱਢੇ ਜਾਣ। ਠੋਸ ਗੱਲ ਇਹ ਹੈ ਕਿ ਰਾਸ਼ਟਰੀ ਪੱਧਰ ਤੇ ਉਭਰ ਰਹੇ ਫਾਸ਼ੀਵਾਦ ਵਿਰੁਧ ਸਾਂਝੇ ਮੋਰਚੇ ਵਿਚ ਆਉਣ ਵਾਲੀਆਂ ਜਿਹੜੀਆਂ ਸ਼ਕਤੀਆਂ ਹਨ। ਸਾਂਝੇ ਮੋਰਚੇ ਬਿਨਾਂ ਜਮਹੂਰੀ ਇਨਕਲਾਬ ਹੋ ਸਕਦਾ ਹੈ ਜਾਂ ਨਹੀਂ। ਪੰਜਾਬ ਵਿਚ ਸਿੱਖ ਘੱਟ ਗਿਣਤੀ ਵਲੋਂ ਕੇਂਦਰ ਨਾਲ ਵਿਢੇ ਸੰਘਰਸ਼ ਵਿਚ ਕਮਿਊਨਿਸਟਾਂ ਦਾ ਕੀ ਕਾਰਜ ਹੈ। ਸਮੁਚੇ ਦੇਸ਼ ਵਿਚ ਜਾਬਰ ਹਾਕਮਾਂ ਵਿਰੁਧ ਚਲ ਰਹੇ ਸੰਘਰਸ਼ (ਉਸਦੀ ਲੀਡਰਸ਼ਿਪ ਭਾਵੇਂ ਕਿਸੇ ਹੱਥ ਵੀ ਹੋਵੇ) ਹੱਕੀ ਹਨ ਜਾਂ ਨਿਹੱਕੀ। ਜੇਕਰ ਹੱਕੀ ਹਨ ਤਾਂ ਕੀ ਅਸੀਂ ਦਰਸ਼ਕ ਬਣੇ ਰਹੀਏ। ਜਾਂ ਉਹਨਾਂ ਵਿਚ ਸ਼ਾਮਲ ਹੋ ਕੇ ਉਨ੍ਹਾਂ ਉਪਰ ਲੀਡਰਸ਼ਿਪ ਸਥਾਪਤ ਕਰਨ ਦੀ ਕੋਸ਼ਿਸ਼ ਕਰੀਏ। ਫਾਸ਼ੀਵਾਦ ਉਪਰ ਸਿਧਾਂਤਕ ਸਾਹਿਤ ਬਣਾਉਣ ਦਾ ਉਦੇਸ਼ ਠੋਸ ਹਾਲਤਾਂ ਉਪਰ ਠੋਸ ਕਾਰਜ ਕੱਢਣਾ ਹੁੰਦਾ ਹੈ।

ਅੰਤ ਵਿਚ ਇਕ ਗੱਲ ਹੋਰ ਕਿ 'ਸਮਤਾ' ਦੀ ਸਮਝ ਮੌਜੂਦਾ ਹਾਲਤਾਂ ਵਿਚ ਬਾਹਰਮੁਖੀ ਹੈ ਅਤੇ ਸਧਾਰਣ ਬੰਦੇ ਦੇ ਸਮਝ ਆਉਂਦੀ ਹੈ। ਇਹ ਇਕ ਵਧੀਆ ਗੱਲ ਹੈ।

ਸਾਈਮਨ

Regd. with the Register News Papers Vide No. MA/12397-D Dated 18.4 80
Post Office No. P/AR—133

## ਯੁੱਗ ਕਵੀ ਪਾਸ਼ ਦੀ ਯਾਦ ਵਿਚ

(ਜਿਹੜਾ 23 ਮਾਰਚ 1988 ਵਿਚ ਖਾਲਿਸਤਾਨੀ ਫਾਸ਼ੀ ਗਰੋਹਾਂ ਦੇ ਹਥੋਂ ਸ਼ਹੀਦ ਹੋਇਆ।)

ਭਾਰਤ—
ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ
ਜਿਥੇ ਕਿਥੇ ਵੀ ਵਰਤਿਆ ਜਾਵੇ
ਬਾਕੀ ਸਾਰੇ ਸ਼ਬਦ ਅਰਥ ਹੀਣ ਹੋ ਜਾਂਦੇ ਹਨ
ਇਸ ਸ਼ਬਦ ਦੇ ਭਾਵ
ਖੇਤਾਂ ਤੇ ਉਨ੍ਹਾਂ ਪੁਤਰਾਂ ਤੋਂ ਹਨ
ਜਿਹੜੇ ਅੱਜ ਵੀ ਰੁੱਖਾਂ ਦੇ ਪਰਛਾਂਵਿਆਂ ਨਾਲ
ਵਕਤ ਮਿਣਦੇ ਹਨ।
ਉਹਨਾਂ ਕੋਲ ਢਿੱਡ ਤੋਂ ਬਿਨਾਂ, ਕੋਈ ਸਮੱਸਿਆ ਨਹੀਂ
ਤੇ ਉਹ ਭੁੱਖ ਲੱਗਣ ਤੇ ਆਪਣੇ ਅੰਗ ਵੀ ਦਬਾ
ਸਕਦੇ ਹਨ,
ਉਨ੍ਹਾਂ ਲਈ ਜ਼ਿੰਦਗੀ ਇਕ ਪਰੰਪਰਾ ਹੈ
ਤੇ ਮੌਤ ਦੇ ਅਰਥ ਹਨ ਮੁਕਤੀ।
ਜਦ ਵੀ ਕੋਈ ਸਮੁੱਚੇ ਭਾਰਤ ਦੀ
'ਕੌਮੀ ਏਕਤਾ' ਦੀ ਗੱਲ ਕਰਦਾ ਹੈ—
ਤਾਂ ਮੇਰਾ ਚਿਤ ਕਰਦਾ ਹੈ—
ਉਸ ਦੀ ਟੋਪੀ ਹਵਾ 'ਚ ਉਛਾਲ ਦਿਆਂ
ਉਸ ਨੂੰ ਦੱਸਾਂ
ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ
ਜਿਥੇ ਅੰਨ ਉਗਦਾ ਹੈ
ਜਿਥੇ ਸੰਨ੍ਹਾਂ ਲਗਦੀਆਂ ਹਨ
(ਕਵਿਤਾ, ਭਾਰਤ,)

ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ
ਉਂਜ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ
ਅਸੀਂ ਦੋ ਰੋਟੀਆਂ ਤੇ ਮਾੜੀ ਜਹੀ ਰਜ਼ਾਈ ਬਦਲੇ
ਯੁੱਧ ਦੇ ਆਕਾਰ ਨੂੰ ਸੰਗੋੜਨਾ ਚਾਹਿਆ
ਅਸੀਂ ਸੰਦੂਕ ਵਿਚ ਲੁਕ ਲੁਕ ਕੇ ਯੁੱਧ ਨੂੰ ਟਾਲਦੇ ਰਹੇ।
ਅਸੀਂ, ਹੇ ਜ਼ਿੰਦਗੀ, ਜਿਨ੍ਹਾਂ ਯੁੱਧ ਨਹੀਂ ਕੀਤਾ
ਤੇਰੇ ਬੜੇ ਮੱਕਾਰ ਪੁੱਤਰ ਹਾਂ
ਯੁੱਧ ਤੋਂ ਬਚਣ ਦੀ ਲਾਲਸਾ ਨੇ
ਸਾਨੂੰ ਲਿਤਾੜ ਦਿਤਾ ਹੈ ਘੋੜਿਆਂ ਦੇ ਸੁੰਮਾਂ ਹੇਠ
ਅਸੀਂ ਜਿਸ ਸ਼ਾਂਤੀ ਲਈ ਰੀਂਗਦੇ ਰਹੇ
ਉਹ ਸ਼ਾਂਤੀ ਬਘਿਆੜਾਂ ਦੇ ਜਬਾੜਿਆਂ ਹੇਠ
ਸਵਾਦ ਬਣਕੇ ਟੱਪਕਦੀ ਰਹੀ।
ਗੁਫ਼ਾਂ 'ਚ ਲੁਕੇ ਗਿੱਦੜਾਂ ਦਾ ਹਵਾਂਕਣਾ ਹੀ ਸਭ ਕੁਝ ਹੈ।
ਸ਼ਾਂਤੀ—
ਗੋਡਿਆਂ ਵਿਚ ਧੌਣ ਦੇ ਕੇ ਜ਼ਿੰਦਗੀ ਨੂੰ ਸੁਫਨੇ ਵਿਚ
ਵੇਖਣ ਦਾ ਯਤਨ ਹੈ
ਸ਼ਾਂਤੀ ਉਂਝ ਕੁਝ ਨਹੀਂ ਹੈ।
ਸ਼ਾਂਤੀ ਯੁੱਗ ਦਾ ਸਭ ਤੋਂ ਕਮੀਨਾ ਚੁਟਕਲਾ ਹੈ।
ਸ਼ਾਂਤੀ ਚਗਲੇ ਹੋਏ ਵਿਦਵਾਨਾਂ ਦੇ ਮੂੰਹਾਂ 'ਚੋਂ
ਡਿਗਦੀ ਰਾਲ ਹੈ
ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ
ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ
ਜਾਂ ਸ਼ਾਂਤੀ ਗਾਂਧੀ ਦਾ ਜਾਂਘੀਆ ਹੈ
ਜਿਸ ਦੀਆਂ ਤਣੀਆਂ ਨੂੰ ਚਾਲ੍ਹੀ ਕਰੋੜ
ਬੰਦੇ ਫਾਹੇ ਲਾਉਣ ਖਾਤਰ
ਵਰਤਿਆ ਜਾ ਸਕਦਾ ਹੈ।
ਸ਼ਾਂਤੀ ਮੰਗਣ ਦਾ ਅਰਥ
ਯੁੱਧ ਨੂੰ ਜ਼ਲੀਲਤਾ ਦੇ ਪੱਧਰ ਤੇ ਲੜਨਾ ਹੈ
ਸ਼ਾਂਤੀ ਕਿਤੇ ਨਹੀਂ ਹੁੰਦੀ ਹੈ।
ਯੁੱਧ ਤੋਂ ਬਿਨਾਂ ਅਸੀਂ ਬਹੁਤ ਕਲੇ ਹਾਂ
ਆਪਣੇ ਹੀ ਮੂਹਰੇ ਦੌੜਦੇ ਹੋਏ ਹਫ ਰਹੇ ਹਾਂ
ਯੁੱਧ ਤੋਂ ਬਿਨਾਂ ਬਹੁਤ ਸੀਮਤ ਹਾਂ ਅਸੀਂ
ਬਸ ਹੱਥ ਭਰ 'ਚ ਮੁੱਕ ਜਾਂਦੇ ਹਾਂ
ਯੁੱਧ ਇਸ਼ਕ ਦੀ ਸਿਖਰ ਦਾ ਨਾਂ ਹੈ
ਯੁੱਧ ਲਹੂ ਦੇ ਲਾਡ ਦਾ ਨਾਂ ਹੈ
ਯੁੱਧ ਜੀਣ ਦੇ ਨਿੱਘ ਦਾ ਨਾਂ ਹੈ
ਯੁੱਧ ਸਾਡੇ ਬਚਿਆਂ ਲਈ
ਪਿੜੀਆਂ ਵਾਲੀ ਖੁੱਦੋ ਬਣਕੇ ਆਏਗਾ
ਯੁੱਧ ਸਾਡੀਆਂ ਭੈਣਾਂ ਲਈ
ਕਢਾਈ ਦੇ ਸੁੰਦਰ ਨਮੂਨੇ ਲਿਆਏਗਾ
ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ
ਦੁੱਧ ਬਣਕੇ ਉਤਰੇਗਾ
ਯੁੱਧ ਸਾਡੀ ਮਾਂ ਲਈ ਨਿਗ੍ਹਾ ਦੀ ਐਨਕ ਬਣੇਗਾ
ਯੁੱਧ ਸਾਡਿਆਂ ਵੱਡਿਆਂ ਦੀਆਂ ਕਬਰਾਂ ਉਤੇ
ਫੁੱਲ ਬਣਕੇ ਖਿੜੇਗਾ
ਵਕਤ ਬੜਾ ਚਿਰ
ਕਿਸੇ ਬੇਕਾਬੂ ਘੋੜੇ ਵਰਗਾ ਰਿਹਾ
ਜੋ ਸਾਨੂੰ ਘਸੀਟਦਾ ਹੋਇਆ ਜ਼ਿੰਦਗੀ
ਤੋਂ ਬਹੁਤ ਦੂਰ ਲੈ ਗਿਆ ਹੈ
ਕੁਝ ਨਹੀਂ ਬਸ ਯੁੱਧ ਹੀ ਇਸ ਘੋੜੇ ਦੀ
ਲਗਾਮ ਬਣ ਸਕੇਗਾ।
ਬਸ ਯੁੱਧ ਹੀ ਇਸ ਘੋੜੇ ਦੀ ਲਗਾਮ ਬਣ ਸਕੇਗਾ।
(ਕਵਿਤਾ—ਯੁੱਧ ਤੇ ਸ਼ਾਂਤੀ ਦਾ ਸੰਖੇਪ)